ਮਹਾਕਵੀ ਸੰਤੋਖ ਸਿੰਘ ਰਚਿਤ
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ
ਦੀ
ਅਨੁਕ੍ਰਮਣਿਕਾ

ਸੰਪਾਦਿਕਾ
ਡਾ. ਰੂਪਿੰਦਰ ਕੌਰ ਕਾਹਲੋਂ

PUNJABI UNIVERSITY PATIALA
ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਮਹਾਕਵੀ ਸੰਤੋਖ ਸਿੰਘ ਰਚਿਤ
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ
ਦੀ
ਅਨੁਕ੍ਰਮਣਿਕਾ

ਮਹਾਕਵੀ ਸੰਤੋਖ ਸਿੰਘ ਰਚਿਤ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਦੀ

ਅਨੁਕ੍ਰਮਣਿਕਾ

ਸੰਪਾਦਿਕਾ

ਡਾ. ਰੁਪਿੰਦਰ ਕੌਰ ਕਾਹਲੋਂ

ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ, ਪਟਿਆਲਾ

MAHAKAVI SANTOKH SINGH RACHIT
SRI GUR PRATAP SURAJ GRANTH DI ANUKRAMNIKA *(Punjabi)*
Edited by

Dr. Rupinder Kaur Kahlon
Ramgarhia Girls College, Miller Ganj, Ludhiana

ISBN 81-7380-288-2

1998
ਪਹਿਲੀ ਵਾਰ : 550 ਕਾਪੀਆਂ
ਮੁੱਲ : 250-00

ਡਾ. ਰਣਬੀਰ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪਰਕਾਸ਼ਿਤ
ਕੀਤੀ ਅਤੇ ਮੈਸਰਜ਼ ਸੁਦਰਸ਼ਨ ਆਰਟ ਪਰੈਸ, ਨਵੀਂ ਦਿੱਲੀ ਵਿਖੇ ਛਪੀ

ਵਿਭਾਗੀ ਸ਼ਬਦ

ਪੰਜਾਬੀ ਯੂਨੀਵਰਸਿਟੀ ਦੇ ਮੁਖ ਉਦੇਸ਼ ਅਨੁਸਾਰ ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਕਲਾਵਾਂ ਆਦਿ ਦੀ ਸਾਂਭ ਸੰਭਾਲ ਦੇ ਨਾਲ ਨਾਲ ਪੁਰਾਤਨ ਵਿਰਸੇ ਨਾਲ ਸੰਬੰਧਿਤ ਰਚਨਾ ਨੂੰ ਸਮਝਣ ਸਮਝਾਉਣ ਲਈ ਉਪਰਾਲੇ ਕਰਨਾ ਵੀ ਮਿਥਿਆ ਗਿਆ ਸੀ ਜਿਸਦੀ ਪੂਰਤੀ ਲਈ ਯੂਨੀਵਰਸਿਟੀ ਵਲੋਂ ਵੱਖ ਵੱਖ ਵਿਭਾਗ ਦੀ ਸਥਾਪਨਾ ਕੀਤੀ ਗਈ। ਪੰਜਾਬੀ ਸਾਹਿਤ ਅਧਿਐਨ ਵਿਭਾਗ ਦੀ ਸਥਾਪਨਾ ਇਸ ਆਸ਼ੇ ਅਧੀਨ ਹੋਈ ਸੀ ਅਤੇ ਉਸ ਸਮੇਂ ਤੋਂ ਪੰਜਾਬੀ ਸਾਹਿਤ ਅਧਿਐਨ ਵਿਭਾਗ ਵਲੋਂ ਬਹੁਤ ਸਾਰੀਆਂ ਯੋਜਨਾਵਾਂ ਬਣਾਈਆਂ ਗਈਆਂ ਹਨ। ਕੁਝ ਕਲਾਸਕੀ ਰਚਨਾਵਾਂ ਨੂੰ ਸਮਝਣ ਲਈ ਉਨ੍ਹਾਂ ਦੇ ਸ਼ਬਦ ਅਨੁਕ੍ਰਮਣਿਕਾ ਤੇ ਕੋਸ਼ ਛਾਪਣ ਲਈ ਮਾਧਿਅਮ ਪਰਿਵਰਤਨ ਦੀ ਸਕੀਮ ਪੰਜਾਬੀ ਵਿਕਾਸ ਵਿਭਾਗ ਵਲੋਂ ਚਲਾਈ ਗਈ ਸੀ।

ਪੰਜਾਬੀ ਸਾਹਿਤ ਅਧਿਐਨ ਵਿਭਾਗ ਵਲੋਂ ਉਪਰੋਕਤ ਸਕੀਮ ਅਨੁਸਾਰ ਹੀ ਭਾਈ ਸੰਤੋਖ ਸਿੰਘ ਰਚਿਤ ਤੇ ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (14 ਜਿਲਦਾਂ) ਦਾ 'ਸਬੰਧ ਸੂਚਕ ਤਤਕਰਾ' ਤਿਆਰ ਕਰਵਾਉਣ ਲਈ ਡਾ. ਰੁਪਿੰਦਰ ਕੌਰ ਕਾਹਲੋਂ ਨੂੰ ਇਹ ਪ੍ਰਾਜੈਕਟ ਸੌਂਪਿਆ ਗਿਆ ਸੀ। ਇਸ ਮਹਾਨ ਇਤਿਹਾਸਕ ਮਹੱਤਵ ਵਾਲੇ ਗ੍ਰੰਥ ਦਾ ਅਨੁਕ੍ਰਮਣਿਕਾ ਤੇ ਕੋਸ਼ ਵੀ ਕਰਵਾਇਆ ਜਾਏ।

ਵਿਦਵਾਨ ਲੇਖਕ ਵਲੋਂ ਇਸ ਪੁਸਤਕ ਦੀ ਤਿਆਰੀ ਸਮੇਂ ਲਾਇਬ੍ਰੇਰੀ ਸਾਹਿਤ ਸਬੰਧੀ ਆਪਣੇ ਵਿਸ਼ਾਲ ਗਿਆਨ ਦੀ ਵਰਤੋਂ ਕਰਦਿਆਂ ਇਸ ਦੀ ਚੌਦਾਂ ਜਿਲਦਾਂ ਦਾ ਸਬੰਧ ਸੂਚਕ ਤਤਕਰਾ (Relative Index) ਤਿਆਰ ਕਰਨ ਦੇ ਨਾਲ ਨਾਲ ਇਸ ਮਹਾਨ ਦੇ ਕੁਝ ਵਿਸ਼ੇਸ਼ ਸ਼ਬਦਾਂ ਦੇ ਹਵਾਲੇ ਵੀ ਦਿਤੇ ਹਨ ਤਾਂਕਿ ਇਹ ਸਮਝਿਆ ਜਾ ਸਕੇ ਕਿ ਸਬੰਧਤ ਵਿਅਕਤੀ ਜਾਂ ਨਾਂ ਥਾਂ ਦਾ ਸਬੰਧ ਕਿਸ ਘਟਨਾ ਨਾਲ ਹੈ। ਕਈ ਥਾਈਂ ਇਕੋ ਨਾਮ ਨੂੰ ਵੱਖ ਵੱਖ ਰੂਪਾਂ ਵਿਚ ਵੀ ਵਰਤਿਆ ਹੈ ਜਿਵੇਂ ਕੇਸ਼ਵ ਦਾਸ ਨੂੰ ਕੇਸ਼ੋ ਦਾਸ ਅਤੇ ਹੁਸੈਨ ਖਾਂ ਨੂੰ ਹੁਸੈਨੀ ਆਦਿ।

ਤਤਕਰੇ ਦੀ ਤਿਆਰੀ ਸਮੇਂ ਗੁਰਮੁਖੀ ਵਰਨਮਾਲਾ ਵਾਲੀ ਤਰਤੀਬ ਨੂੰ ਮੁਖ ਰਖਿਆ ਗਿਆ ਤੇ ਲਗਾਂ ਮਾਤਰਾ ਲਈ ਕਰਮ ਸਿੰਘ ਗੰਗਾਵਾਲਾ ਵਲੋਂ ਦਰਸਾਈ ਤਰਤੀਬੰ ਨੂੰ ਅਧਾਰ ਮੰਨਿਆ ਗਿਆ ਹੈ। ਵਿਦਵਾਨ ਲੇਖਕਾਂ ਵਲੋਂ ਤਿਆਰ ਕੀਤੇ ਇਸ ਤਤਕਰੇ ਨਾਲ ਸਾਹਿਤ ਤੇ ਇਤਿਹਾਸ ਦੇ ਖੋਜੀਆਂ ਲਈ ਚੌਦਾਂ ਜਿਲਦਾਂ ਵਿਚ ਫੈਲੇ ਇਸ ਮਹਾਨ ਗ੍ਰੰਥ ਵਿਚਲੀ ਸਾਮਗਰੀ ਸਬੰਧੀ ਲੋੜੀਂਦੀ ਜਾਣਕਾਰੀ ਅਸਾਨੀ ਨਾਲ ਲਭ ਪੈਣ ਦੀ ਪੂਰੀ ਆਸ ਬਝ ਜਾਂਦੀ ਹੈ ਜਿਹੜੀ ਕਿ ਖੋਜ ਕਾਰਜ ਲਈ ਇਕ ਵਧੀਆ ਢੰਗ ਆਖਿਆ ਜਾ ਸਕਦਾ ਹੈ।

ਇਸ ਪੁਸਤਕ ਦੀ ਵਿਸ਼ੇ-ਸੂਚੀ ਤਿਆਰ ਕਰਦਿਆਂ ਲੇਖਕਾਂ ਵਲੋਂ ਤਤਕਰੇ ਸਬੰਧੀ ਜਾਣਕਾਰੀ ਦੇਣ ਉਪਰੰਤ ਭਾਈ ਸਾਹਿਬ ਸੰਤੋਖ ਸਿੰਘ ਦੇ ਜੀਵਨ ਤੇ ਸਾਹਿਤਕ ਕਾਰਜ ਦਾ ਮੁਲਾਂਕਣ ਕਰਦਿਆਂ ਭਾਈ ਵੀਰ ਸਿੰਘ ਦਾ ਸੰਖੇਪ ਜੀਵਨ ਵੀ ਦਿਤਾ ਗਿਆ। ਇਸ ਤੋਂ ਉਪਰੰਤ ਦੂਜੇ ਭਾਗ ਵਿਚ ਮੁਕੰਮਲ ਤਤਕਰਾ ਦਿੱਤਾ ਗਿਆ ਹੈ।

ਇਹ ਕਾਰਜ ਬੇਸ਼ਕ ਇਸ ਖੇਤਰ ਦਾ ਮੁਢਲਾ ਕਾਰਜ ਤਾਂ ਨਹੀਂ ਆਖਿਆ ਜਾ ਸਕਦਾ ਕਿਉਂਕਿ ਇਸ ਤੋਂ ਪਹਿਲਾਂ ਡਾ. ਅੰਮ੍ਰਿਤਪਾਲ ਕੌਰ ਭਾਈ ਗੁਰਦਾਸ ਦੇ ਕਥਿੱਤ ਸਵੈਯਾ ਦਾ ਤਤਕਰਾ ਪੰਜਾਬੀ ਯੂਨੀਵਰਸਿਟੀ ਵਲੋਂ ਹੀ ਛਪਵਾਇਆ ਜਾ ਚੁਕਾ ਹੈ। ਹਥਲੀ ਪੁਸਤਕ ਦੀ ਰੂਪ ਰੇਖਾ ਕਾਫ਼ੀ ਹਦ ਤਕ ਉਸ ਨਾਲ ਮਿਲਦੀ ਜੁਲਦੀ ਹੈ ਪਰ ਕਈ ਪੱਖਾਂ ਤੋਂ ਉਸ ਤੋਂ ਭਿੰਨ ਅਤੇ ਵਿਲੱਖਣ ਵੀ ਹੈ।

ਆਸ ਹੈ ਪੰਜਾਬੀ ਸਾਹਿਤ, ਸਿਖ ਇਤਿਹਾਸ ਤੇ ਗੁਰਮਤਿ ਵਿਚ ਰੁਚੀ ਰਖਣ ਵਾਲੇ ਵਿਦਵਾਨ, ਅਧਿਆਪਕ, ਖੋਜਾਰਥੀ ਤੇ ਪਾਠਕ ਇਸ ਤੋਂ ਪੂਰਾ ਪੂਰਾ ਲਾਭ ਉਠਾਉਣਗੇ।

ਪੰਜਾਬੀ ਸਾਹਿਤ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ

ਮੇਵਾ ਸਿੰਘ ਸਿੱਧੂ
ਮੁਖੀ

ਵਿਸ਼ਾ-ਸੂਚੀ

ਕਾਰਜ-ਵਿਧੀ ਤੇ ਸੰਕੇਤਾਵਲੀ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ 'ਸੰਬੰਧ-ਸੂਚਕ ਤਤਕਰੇ' ਨੂੰ ਤਿਆਰ ਕਰਨ ਵੇਲੇ ਵਰਤੀ ਗਈ ਕਾਰਜ-ਵਿਧੀ ਦਾ ਵੇਰਵਾ ਇਉਂ ਹੈ :

(1) ਇਹ 'ਤਤਕਰਾ' ਗੁਰਮੁਖੀ ਦੇ ਵਰਣ-ਕ੍ਰਮ ਅਨੁਸਾਰ ਤਿਆਰ ਕੀਤਾ ਗਿਆ ਹੈ। ਜੋ ਹੇਠਾਂ ਦਿੱਤਾ ਜਾਂਦਾ ਹੈ :

ੳ, ਅ, ੲ, ਸ, ਹ
ਕ, ਖ, ਗ, ਘ, ਙ
ਚ, ਛ, ਜ, ਝ, ਞ
ਟ, ਠ, ਡ, ਢ, ਣ
ਤ, ਥ, ਦ, ਧ, ਨ
ਪ, ਫ, ਬ, ਭ, ਮ
ਯ, ਰ, ਲ, ਵ, ੜ
ਸ਼, ਖ਼, ਗ਼, ਜ਼, ਫ਼*

ਲਗਾਂ-ਮਾਤਰਾਂ ਦੀ ਤਰਤੀਬ ਵੀ ਗੁਰਮੁਖੀ ਵਾਲੀ ਹੀ ਰੱਖੀ ਗਈ ਹੈ। ਇਹ ਤਰਤੀਬ ਇਸ ਤਰ੍ਹਾਂ ਹੈ :

ਆ, ਇ, ਈ, ਉ, ਊ, ਏ, ਐ, ਓ ਤੇ ਔ।

ਅਨੁਨਾਸਿਕ ਟਿੱਪੀ ਵਾਲੇ ਅੱਖਰ ਕਨੌੜੇ ਦੇ ਬਾਅਦ ਰੱਖੇ ਮਿਲਣਗੇ, ਪਰ ਬਿੰਦੀ ਤੇ ਅੱਧਕ ਵਾਲੇ ਅੱਖਰਾਂ ਨੂੰ ਬਿੰਦੀ ਤੇ ਅੱਧਕ-ਰਹਿਤ ਅੱਖਰਾਂ ਵਾਂਗ ਵਰਤਿਆ ਗਿਆ ਹੈ।

ਮੂਲ ਪਾਠ ਵਿਚ ਸੰਯੁਕਤ ਅੱਖਰਾਂ ਦੀ ਵਰਤੋਂ ਹੋਈ ਮਿਲਦੀ ਹੈ। 'ਤਤਕਰੇ' ਵਿਚ, ਜਿੱਥੇ ਲੋੜ ਪਈ ਹੈ, ਇਨ੍ਹਾਂ ਨੂੰ ਅਨੁਨਾਸਿਕਾਂ ਤੋਂ ਪਿੱਛੋਂ ਅੱਖਰ-ਕ੍ਰਮ ਅਨੁਸਾਰ ਥਾਂ ਦਿੱਤੀ ਗਈ ਹੈ।

(2) ਇੰਦਰਾਜ ਦੋ ਤਰ੍ਹਾਂ ਦੇ ਹਨ: ਮੁੱਖ ਤੇ ਗੌਣ। ਮੁੱਖ ਇੰਦਰਾਜ ਖੱਬੇ ਹਾਸ਼ੀਏ ਦੇ ਨੇੜਿਓਂ ਸ਼ੁਰੂ ਹੁੰਦੇ ਹਨ, ਪਰ ਗੌਣ ਇੰਦਰਾਜ, ਮੁੱਖ ਇੰਦਰਾਜ ਦਾ ਭਾਗ ਹੋਣ ਕਰ ਕੇ, ਉਸ ਦੇ ਹੇਠਾਂ ਇਕ ਸਪੇਸ ਅੰਦਰ ਵੱਲ ਦਰਜ ਕੀਤੇ ਗਏ ਹਨ। ਇਸ ਤਰ੍ਹਾਂ ਗੌਣ ਐਂਟਰੀ ਮੁੱਖ ਐਂਟਰੀ ਤੋਂ ਵਖਰੀ ਹੋ ਕੇ ਦਿੱਸਦੀ ਹੈ। ਜਿੱਥੇ ਗੌਣ ਐਂਟਰੀ ਵਿਚ ਅੱਗੇ ਹੋਰ ਵੇਰਵਾ ਦਿੱਤਾ ਗਿਆ ਹੈ, ਉੱਥੇ ਵੇਰਵਾ ਗੌਣ ਇੰਦਰਾਜ ਦੇ ਥੱਲੇ ਇਕ ਸਪੇਸ ਹੋਰ ਹਟਾ ਕੇ ਸ਼ੁਰੂ ਕੀਤਾ ਗਿਆ ਹੈ, ਜਿਵੇਂ:

ਹਰਿਗੋਬਿੰਦ, ਗੁਰੂ (ਮੁੱਖ ਐਂਟਰੀ)
  ਸਾਖੀਆਂ (ਘਟਨਾ-ਕ੍ਰਮ ਅਨੁਸਾਰ) (ਗੌਣ ਐਂਟਰੀ)
    ਜਨਮ (ਗੌਣ ਐਂਟਰੀ ਦਾ ਵੇਰਵਾ)

(3) ਐਂਟਰੀਆਂ ਵਿਚ ਆਦਰ-ਸੂਚਕ ਪਦ, ਜਿਵੇਂ 'ਭਗਤ', 'ਸੰਤ', 'ਮਹਾਰਾਜ', 'ਭਾਈ' ਆਦਿ ਮੂਲ ਨਾਵਾਂ ਤੋਂ ਬਾਅਦ ਬ੍ਰੈਕਟਾਂ ਵਿੱਚ ਰੱਖੇ ਗਏ ਹਨ। ਕੇਵਲ 'ਗੁਰੂ' ਪਦ ਨੂੰ, ਗੁਰੂ ਸਾਹਿਬਾਨ ਦਿਆਂ ਨਾਵਾਂ ਦਾ ਅਟੁੱਟ ਭਾਗ ਦਰਸਾਉਣ ਲਈ ਕੌਮਾ ਪਾ ਕੇ ਲਿਖਿਆ ਗਿਆ ਹੈ, ਬ੍ਰੈਕਟਾਂ ਵਿਚ ਨਹੀਂ ਲਿਖਿਆ, ਜਿਵੇਂ .

---

* ਜਿਸ ਵੇਲੇ ਭਾਈ ਸੰਤੋਖ ਸਿੰਘ ਨੇ ਆਪਣੇ ਗ੍ਰੰਥ ਲਿਖੇ ਸਨ ਉਸ ਵੇਲੇ ਇਹ ਪੰਕਤੀ ਅਜੇ ਵਰਤੋਂ ਵਿਚ ਨਹੀਂ ਸੀ ਆਈ। ਇਸ ਲਈ ਜਿੱਥੇ ਲੋੜ ਪਈ ਹੈ, 'ਸ਼' ਨੂੰ 'ਸ' ਵਾਲੀ ਪੰਕਤੀ ਵਿਚ ਤੇ ਇਸੇ ਤਰ੍ਹਾਂ ਬਾਕੀ ਦੇ ਚਾਰ ਅੱਖਰਾਂ ਨੂੰ ਉਨ੍ਹਾਂ ਦੀਆਂ ਸੰਬੰਧਿਤ ਪੰਕਤੀਆਂ ਦੇ ਵਿਚ ਹੀ ਭੁਗਤਾ ਦਿੱਤਾ ਗਿਆ ਹੈ, ਜਿਵੇਂ 'ਸ਼ਾਰਦਾ' ਨੂੰ 'ਸਾਰਸੁਤੀ' ਤੇ 'ਸਾਰਿਮੋਰ' ਦੇ ਵਿਚਕਾਰ ਤੇ 'ਖ਼ਫੀ ਖਾਂ' ਨੂੰ 'ਖਨੋਟ' ਤੇ 'ਖਜਾਲਾ' ਦੇ ਵਿਚਕਾਰ ਰੱਖ ਦਿੱਤਾ ਗਿਆ ਹੈ।

ਹਰੀਚੰਦ (ਮਹਾਰਾਜਾ);
ਕਾਨ੍ਹਾ (ਭਗਤ);
ਗੁਰਮੁਖ ਸਿੰਘ (ਸੰਤ)
ਦਯਾਲਾ (ਭਾਈ) ਪਰ
ਨਾਨਕ ਦੇਵ, ਗੁਰੂ ਤੇ
ਗੋਬਿੰਦ ਸਿੰਘ, ਗੁਰੂ।

(4) ਹਰ ਪੁਸਤਕ ਦਾ ਸਿਰਨਾਵਾਂ ਇਟੈਲਿਕਸ ਵਿਚ ਦਿੱਤਾ ਹੋਇਆ ਹੈ, ਜਿਵੇਂ:
ਅਕਾਲ ਉਸਤਤਿ
ਈਜ਼ੀ ਸਟੋਰੀਜ਼ ਫਰਾਮ ਇੰਡੀਅਨ ਹਿਸਟਰੀ.

(5) ਵਿਸ਼ਿਆਂ/ਵਿਚਾਰਾਂ ਨਾਲ ਸੰਬੰਧਿਤ ਐਂਟਰੀਆਂ ਇਕਹਿਰੇ ਕੋਮਿਆਂ ਵਿਚ ਦਿਖਾਈਆਂ ਗਈਆਂ ਹਨ, ਜਿਵੇਂ :
'ਬ੍ਰਹਮ' ਤੇ
'ਭਗਤੀ', ਆਦਿ

(6) ਐਂਟਰੀ ਨੂੰ ਵਧੇਰੇ ਸਪਸ਼ਟ ਕਰਨ ਲਈ, ਜਿਹੜਾ ਵੀ ਕੋਈ ਪਦ, ਮੂਲ ਪਾਠ ਵਿਚ ਪ੍ਰਾਪਤ ਨਹੀਂ ਸੀ ਤੇ ਆਪਣੇ ਵੱਲੋਂ ਵਧਾਇਆ ਹੈ, ਉਹ ਵੱਡੇ ਬ੍ਰੈਕਟਾਂ ਵਿਚ ਦਿਖਾਇਆ ਗਿਆ ਹੈ, ਜਿਵੇਂ :
ਅਉਘੜ [ਨਾਥ] ਤੇ
ਏਤਰੇਯ [ਉਪਨਿਖਧ]

(7) ਜਿੱਥੇ ਕਿਸੇ ਵਿਅਕਤੀ ਦੀ ਉਚੇਚੀ ਸ਼ਨਾਖ਼ਤ ਕਾਇਮ ਕਰਨ ਦੀ ਲੋੜ ਸਮਝੀ ਗਈ ਹੈ, ਓਥੇ ਉਸ ਦੇ ਨਾਂ ਦੇ ਅੱਗੇ ਬ੍ਰੈਕਟਾਂ ਵਿਚ ਸਪਸ਼ਟਤਾ ਕਰ ਦਿੱਤੀ ਗਈ ਹੈ, ਜਿਵੇਂ :
ਅਤਰ ਸਿੰਘ (ਬੰਦਾ-ਵੰਸ਼ਜ);
ਅਤਰ ਸਿੰਘ (ਭਾਈ ਗੁਲਾਬ ਸਿੰਘ ਵੰਸ਼ਜ);
ਅਨਰੁਧ ਸਿੰਘ (ਕਵੀ ਸੰਤੋਖ ਸਿੰਘ ਦਾ ਸੁਤ) ਤੇ
ਕਮਾਲ (ਸ਼ੇਖ ਬ੍ਰਹਮ ਦਾ ਚੇਲਾ).

(8) ਐਂਟਰੀਆਂ ਵਿਚ ਪੰਨਿਆਂ ਦੀ ਸੂਚਨਾ ਦੇਣ ਦਾ ਵਿਧਾਨ ਇਸ ਤਰ੍ਹਾਂ ਰੱਖਿਆ ਗਿਆ ਹੈ :

ਪਹਿਲਾ ਅੰਕ ਜਿਲਦ ਦੇ ਨੰਬਰ ਦਾ ਸੂਚਕ ਹੈ। ਉਸ ਦੇ ਅੱਗੇ ਪੂਰਣ ਵਿਰਾਮ ਵਾਲੀ ਬਿੰਦੀ ਲਾ ਦਿੱਤੀ ਗਈ ਹੈ ਤੇ ਅੱਗੇ ਪੰਨੇ ਦੇ ਚੱਲ ਰਹੇ ਸੈਂਕੜੇ ਦਾ ਪਤਾ ਦਿੱਤਾ ਹੈ। ਉਸ ਤੋਂ ਅੱਗੇ ਬ੍ਰੈਕਟਾਂ ਵਿਚ ਉਸ ਸੈਂਕੜੇ ਵਿਚ ਆਏ ਪੰਨਿਆਂ ਦੇ ਅੰਕ ਦਿੱਤੇ ਗਏ ਹਨ, ਜਿਵੇਂ : 1.1 (11, 42, 54) ਦਾ ਭਾਵ ਹੈ: ਪਹਿਲੀ ਜਿਲਦ ਦੇ ਪੰਨੇ 111, 142 ਤੇ 154, 5.12(94) ਦਾ ਭਾਵ ਹੈ: ਪੰਜਵੀਂ ਜਿਲਦ ਦਾ ਪੰਨਾ 12 ਸੌ 94 ਇਸੀ ਤਰ੍ਹਾਂ 9.35 (73) ਦਾ ਮਤਲਬ ਹੈ ਨੌਂਵੀ ਜਿਲਦ ਦਾ ਪੰਨਾ 35 ਸੌ 73।

ਸੈਂਕੜੇ ਤੋਂ ਘੱਟ ਵਾਲੀ ਗਿਣਤੀ ਲਈ ਜਿਲਦ ਨੰਬਰ ਦੇ ਬਾਅਦ ਹੀ ਬ੍ਰੈਕਟਾਂ ਵਿਚ ਪੰਨੇ-ਸੂਚਕ ਅੰਕ ਦੇ ਦਿੱਤੇ ਗਏ ਹਨ। ਜਿਵੇਂ, 1.(37, 45) ਦਾ ਮਤਲਬ ਹੈ ਪਹਿਲੀ ਜਿਲਦ ਦੇ ਸਫ਼ੇ 37 ਤੇ 45।

ਫ਼ੁਟ-ਨੋਟ ਦਾ ਛੋਟਾ ਰੂਪ 'ਫ਼' ਰੱਖਿਆ ਹੈ, ਜਿਵੇਂ 14.61(66ਫ) ਦਾ ਭਾਵ ਹੈ ਚੋਦਵੀਂ ਜਿਲਦ ਦਾ ਇਕਾਹਠ ਸੌ ਛਿਆਹਠਵੇਂ ਪੰਨੇ ਉੱਤੇ ਫ਼ੁਟ-ਨੋਟ ਹੈ।

ਜੇ ਕਿਸੇ ਸਫ਼ੇ ਵਿਚ ਕੋਈ ਸੂਚਨਾ ਭਾਈ ਸੰਤੋਖ ਸਿੰਘ ਦੇ ਮੂਲ ਮਤਨ (ਟੈਕਸਟ) ਵਿਚ ਵੀ ਆਵੇ ਤੇ ਭਾਈ ਵੀਰ ਸਿੰਘ ਵੱਲੋਂ ਦਿੱਤੇ ਹੋਏ ਫ਼ੁਟ-ਨੋਟ ਵਿਚ ਵੀ, ਤਾਂ ਉਸ ਨੂੰ . . ./ਫ ਰਾਹੀਂ ਦਰਸਾਇਆ ਗਿਆ ਹੈ। ਉਦਾਹਰਣ ਵਜੋਂ 12.52(56/ਫ)। ਇਸ ਤੋਂ ਭਾਵ ਹੈ, ਵੇਖੋ ਬਾਰ੍ਹਵੀਂ ਜਿਲਦ ਤੇ 52 ਸੌ 56 ਵੇਂ ਪੰਨੇ ਦਾ ਮੂਲ ਪਾਠ ਤੇ ਫ਼ੁਟਨੋਟ।

(9) ਇੱਕੋ ਐਂਟਰੀ ਵਿਚ ਇੱਕੋ ਜਿਲਦ ਦੇ ਵੱਖ ਵੱਖ ਹਵਾਲਿਆਂ ਨੂੰ ਕੋਮਿਆਂ ਨਾਲ ਵੱਖਰਿਆਇਆ ਗਿਆ ਹੈ, ਜਿਵੇਂ: ਅਨੰਦਪੁਰ ਸਾਹਿਬ (ਮਾਖੋਵਾਲ), 1.(15, 17), 1.1(22, 35), 1.2(04, 06) ਦਾ ਅਰਥ

ਹੈ, ਕ੍ਰਮਵਾਰ ਵੇਖੋ, ਪਹਿਲੀ ਜਿਲਦ ਦਾ ਪੰਦਰਵਾਂ ਤੋਂ ਸਤਾਰਵਾਂ ਪੰਨਾ, ਇਸੇ ਜਿਲਦ ਦਾ ਇਕ ਸੌ ਬਾਈਵਾਂ ਅਤੇ ਪੈਂਤੀਵਾਂ ਪੰਨਾ ਅਤੇ ਪਹਿਲੀ ਜਿਲਦ ਦੇ ਪੰਨੇ ਦੋ ਸੌ ਚਾਰ ਤੇ ਦੋ ਸੌ ਛੇ।

ਜਿੱਥੇ ਇੱਕੋ ਐਂਟਰੀ ਦੇ ਹਵਾਲੇ ਵੱਖ ਵੱਖ ਜਿਲਦਾਂ ਵਿੱਚੋਂ ਆਏ ਹੋਣ, ਓਥੇ ਜਿਲਦਾਂ ਨੂੰ ਨਿਖੇੜਨ ਲਈ ਸੈਮੀਕੋਲਨ (;) ਦੀ ਵਰਤੋਂ ਕੀਤੀ ਗਈ ਹੈ। ਜਿਵੇਂ : ਅੰਬਾਲਾ, 5.15(13ਫ); 6.21(79ਫ); 11.44(44)। ਇਸ ਨੂੰ ਇਸ ਤਰ੍ਹਾਂ ਪੜ੍ਹਿਆ ਜਾਣਾ ਹੈ ਕਿ ਅੰਬਾਲੇ ਲਈ ਵੇਖੋ ਪੰਜਵੀਂ ਜਿਲਦ ਦੇ ਸਫ਼ਾ 15 ਸੌ 13 ਦਾ ਫ਼ੁਟਨੋਟ, ਛੇਵੀਂ ਜਿਲਦ ਦੇ 21ਸੌਵੇਂ ਸਫ਼ੇ ਦਾ ਉਨਾਸੀਵਾਂ ਫ਼ੁਟ ਨੋਟ ਅਤੇ ਗਿਆਰਵੀਂ ਜਿਲਦ ਦਾ 44 ਸੌ 44ਵਾਂ ਪੰਨਾ।

(10) ਜੇ ਕੋਈ ਇੰਦਰਾਜ ਮੂਲ ਦੇ ਇੱਕੋ ਸਫ਼ੇ ਉੱਤੇ ਕਈ ਵਾਰੀ ਆਇਆ ਹੈ ਤਾਂ ਸਫ਼ੇ ਦੇ ਨੰਬਰ ਉੱਤੇ ਅੰਕ ਪਾ ਕੇ ਉਸ ਦੀ ਗਿਣਤੀ ਜਤਾ ਦਿੱਤੀ ਗਈ ਹੈ ਜਿਵੇਂ : ਸੁਲਹੀ ਖ਼ਾਨ,5.17(48^4), ਜਿਸ ਦਾ ਮਤਲਬ ਪੰਜਵੀਂ ਜਿਲਦ ਦੇ ਸਫ਼ਾ 17 ਸੌ 48 ਵੇਂ ਉੱਤੇ ਸੁਲਹੀ ਖ਼ਾਨ ਦਾ ਜ਼ਿਕਰ ਚਾਰ ਵਾਰੀ ਆਇਆ ਹੈ।

ਜੇ ਇਹ ਦੁਹਰਾਉ ਸਿਰਫ਼ ਫ਼ੁਟ-ਨੋਟਾਂ ਵਿਚ ਹੋਇਆ ਹੋਵੇ ਤਾਂ 'ਫ' ਦੇ ਉੱਪਰਵਾਰ ਗਿਣਤੀ ਸੂਚਕ-ਅੰਕ ਦਿੱਤਾ ਮਿਲੇਗਾ, ਜਿਵੇਂ: 4.8(30ਫ^2)। ਇਸ ਦਾ ਮਤਲਬ ਹੋਵੇਗਾ ਚੌਥੀ ਜਿਲਦ ਵਿਚ ਅੱਠ ਸੌ ਤੀਹ ਨੰਬਰ ਦੇ ਫ਼ੁਟ-ਨੋਟ ਵਿਚ ਇਹ ਸ਼ਬਦ ਦੋ ਵਾਰੀ ਆਇਆ ਹੈ। ਇਸੇ ਤਰ੍ਹਾਂ 14.62(59ਫ^{10}) ਦਾ ਮਤਲਬ ਇਹ ਹੈ ਕਿ ਚੌਦਵੀਂ ਜਿਲਦ ਦੇ 62 ਸੌ 59 ਵੇਂ ਸਫ਼ੇ ਦੇ ਫ਼ੁਟ-ਨੋਟ ਵਿਚ ਇਹ ਸ਼ਬਦ ਦਸ ਵਾਰੀ ਆਇਆ ਹੈ।

ਕਿਸੇ ਪੰਨੇ ਦੇ ਮੂਲ ਪਾਠ ਜਾਂ ਫ਼ੁਟ-ਨੋਟਾਂ ਵਿਚ ਕੋਈ ਐਂਟਰੀ ਕਿੰਨੀ ਵਾਰ ਆਈ ਹੈ, ਇਸ ਦਾ ਪਤਾ ਲਾਉਣ ਲਈ ਪੰਨੇ ਜਾਂ ਫ਼ੁਟ-ਨੋਟ ਉੱਪਰ ਸਜੇ ਅੰਕ ਨੂੰ ਵੇਖਣਾ ਪਵੇਗਾ, ਜਿਵੇਂ : 9.37 (73/ਫ^2), ਦਾ ਭਾਵ ਹੈ ਕਿ ਨੌਵੀਂ ਜਿਲਦ ਦੇ 37 ਸੌ 73 ਸਫ਼ੇ ਉੱਤੇ ਇਹ ਸ਼ਬਦ ਮੂਲ ਵਿਚ ਇਕ ਵਾਰੀ ਤੇ ਫ਼ੁਟ-ਨੋਟ ਵਿਚ ਦੋ ਵਾਰੀ ਆਇਆ ਹੈ।

(11) ਆਵ੍ਹੇ ਸੰਕੇਤ, ਅਰਥਾਤ "ਦੇਖੋ . . ." ਵਾਲੀ ਐਂਟਰੀ ਇਹ ਦੱਸਦੀ ਹੈ ਕਿ ਅਸਲ ਵੇਰਵਾ ਉਸ ਐਂਟਰੀ ਵਿਚ ਮਿਲੇਗਾ, ਜਿਸ ਨੂੰ ਵੇਖਣ ਦੀ ਸਫ਼ਾਰਸ਼ ਕੀਤੀ ਗਈ ਹੈ, ਜਿਵੇਂ:

ਖ਼ੁਆਜਾ, ਦੇਖੋ ਪਿੰਜਰ ਖ਼ਾਂ ;
ਗੰਗਾਸਰ, ਦੇਖੋ ਸ਼ਕਰਗੰਗ (ਖੂਹ) ਤੇ
ਸਾਰਸੁਤੀ, ਦੇਖੋ ਸਰਸ੍ਵਤੀ (ਦੇਵੀ).

ਇਸ ਦੇ ਉਲਟ "ਹੋਰ ਦੇਖੋ . . ." ਦਾ ਮਤਲਬ ਇਹ ਹੋਵੇਗਾ ਕਿ 'ਹੋਰ ਦੇਖੋ' ਵਾਲੀਆਂ ਦੁਹਾਂ ਐਂਟਰੀਆਂ ਵਿਚ ਇਕ ਦੂਜੇ ਨੂੰ ਪੂਰਨ ਵਾਲੀ ਸਾਮਗ੍ਰੀ ਮੌਜੂਦ ਹੈ। ਜਿਵੇਂ :

ਹਰਿਰਾਇ, ਗੁਰੂ, 9.33(11^2); 14.64(01^3). (ਹੋਰ ਦੇਖੋ ਸਤਵੇਂ ਗੁਰੂ).

ਜਾਂ

ਸਤਵੇਂ ਗੁਰੂ, 1.2(50); 14.61(10ਫ). (ਹੋਰ ਦੇਖੋ ਹਰਿਰਾਇ, ਗੁਰੂ).

ਤੇ

ਕਮਲਾ (ਗੁਰੂ ਨਾਨਕ ਦਾ ਸੇਵਕ), 4.12(18, 19^6, 20); 10.43(38). (ਹੋਰ ਦੇਖੋ ਸਧਾਰਣ ਸਿੱਖ).

ਜਾਂ

ਸਧਾਰਣ (ਸਿੱਖ), 4.12(20^2/ਫ, 21, 22^3, 25^2, 26^2), 6.18(72). (ਹੋਰ ਦੇਖੋ ਕਮਲਾ, ਗੁਰੂ ਨਾਨਕ ਦਾ ਸੇਵਕ).

(12) ਭਾਈ ਸੰਤੋਖ ਸਿੰਘ ਦੀ ਰਚਨਾ ਵਿਚ ਇੱਕੋ ਨਾਮ ਨੂੰ ਕਈ ਰੂਪਾਂ ਵਿਚ ਵਰਤਿਆ ਗਿਆ ਹੈ, ਜਿਵੇਂ 'ਕੇਸ਼ੋ ਦਾਸ' ਨੂੰ 'ਕੇਸ਼ਵ ਦਾਸ' ਵੀ ਲਿਖਿਆ ਹੈ ਤੇ 'ਹੁਸੈਨ ਖ਼ਾਂ' ਨੂੰ 'ਹੁਸੈਨੀ' ਵੀ ਲਿਖਿਆ ਹੈ। ਇਹੋ ਜਿਹੇ ਨਾਵਾਂ ਦੀਆਂ ਵੱਖਰੀਆਂ ਐਂਟਰੀਆਂ ਬਣਾਉਣ ਦੀ ਥਾਂ ਟੇਢੀ ਲੀਕ (/) ਦੀ ਜੁਗਤ ਵਰਤ ਕੇ ਇਕੱਠਾ ਕਰ ਦਿੱਤਾ ਗਿਆ ਹੈ, ਜਿਵੇਂ :

ਉਰਵਸ਼ੀ/ਉਰਬਸਿ;
ਸਰਹਿੰਦ/ਸਰਹੰਦ;

ਪਹਿਲਾ ਭਾਗ

(i) ਤਤਕਰੇ ਬਾਰੇ

(ii) ਭਾਈ ਸੰਤੋਖ ਸਿੰਘ : ਜੀਵਨ ਤੇ ਸਾਹਿੱਤ

(iii) ਰਚਨਾ ਦਾ ਮੁਲੰਕਣ

(iv) ਭਾਈ ਵੀਰ ਸਿੰਘ : ਜੀਵਨ, ਰਚਨਾ ਤੇ ਸੰਪਾਦਨ ਕਲਾ

ਤਤਕਰੇ ਬਾਰੇ

ਤਤਕਰਾ ਜਾਂ ਇੰਡੈਕਸ ਅੱਜ ਪੁਸਤਕਾਂ ਲਈ ਹੀ ਜ਼ਰੂਰੀ ਨਹੀਂ, ਜ਼ਿੰਦਗੀ ਦੇ ਹਰੇਕ ਖੇਤਰ ਲਈ ਜ਼ਰੂਰੀ ਬਣ ਚੁੱਕਾ ਹੈ। ਸ਼ਾਇਦ ਹੀ ਕੋਈ ਵੱਡੇ ਪੈਮਾਨੇ ਦਾ ਸੰਗਠਨ (Organization) ਹੋਵੇ, ਜਿਸ ਵਿਚ ਕਿਸੇ ਪ੍ਰਕਾਰ ਦਾ ਇੰਡੈਕਸ ਨਾ ਵਰਤਿਆ ਜਾਂਦਾ ਹੋਵੇ। ਟੈਲੀਫ਼ੋਨ, ਵਪਾਰ ਤੇ ਉਦਯੋਗ ਵਿਚ ਵਰਤੀਆਂ ਜਾਂਦੀਆਂ ਡਾਇਰੈਕਟਰੀਆਂ ਅਸਲ ਵਿਚ ਖ਼ਾਸ ਤਰ੍ਹਾਂ ਦੇ ਤਤਕਰੇ ਹੀ ਹਨ। ਇੰਡੈਕਸ ਦੀ ਮਹੱਤਾ ਦ੍ਰਿੜ੍ਹ ਕਰਾਉਣ ਵਾਲੇ ਵਿਦਵਾਨ ਇਕ ਸੱਚੀ ਕਹਾਣੀ ਸੁਣਾਇਆ ਕਰਦੇ ਹਨ ਕਿ ਇਕ ਬ੍ਰਿਗੇਡੀਅਰ ਨੂੰ ਕਾਗ਼ਜ਼ ਤੇ ਫ਼ਾਈਲਾਂ ਦੇ ਜੰਗਲ ਵਿੱਚੋਂ, ਜਦੋਂ ਕੁੱਝ ਵੀ ਨਹੀਂ ਸੀ ਲੱਭਦਾ, ਤਾਂ ਉਸ ਨੂੰ ਇਕ ਪੇਸ਼ਾਵਰ ਇੰਡੈਕਸਰ ਦੀ ਸੇਵਾ ਪ੍ਰਾਪਤ ਕਰਨ ਲਈ ਕਿਹਾ ਗਿਆ। ਉਸ ਨੇ ਇਹ ਸਲਾਹ ਮੰਨ ਕੇ ਇਕ ਇੰਡੈਕਸਰ ਨੂੰ ਭਰਤੀ ਕਰ ਲਿਆ ਤੇ ਉਸ ਨੂੰ ਸਾਰਾ ਰੀਕਾਰਡ ਵਰਤਣ-ਯੋਗ ਬਣਾਉਣ ਦਾ ਹੁਕਮ ਦਿੱਤਾ। ਇੰਡੈਕਸਰ ਤਿੰਨ ਚਾਰ ਦਿਨ ਲਗਾਤਾਰ ਮਿਹਨਤ ਕਰਦਾ ਰਿਹਾ। ਛੇਤੀ ਹੀ ਉਸ ਨੇ ਸਾਰੇ ਰੀਕਾਰਡ ਦਾ ਇੰਡੈਕਸ ਤਿਆਰ ਕਰ ਲਿਆ ਅਤੇ ਪੰਜਵੇਂ ਦਿਨ ਆਪਣੇ ਸਾਹਿਬ ਨੂੰ ਜਾ ਸਲਾਮ ਕੀਤੀ। ਸਾਹਿਬ ਉਸ ਦੇ ਕੰਮ ਨੂੰ ਪਰਖਣ ਲਈ ਉਸ ਦੇ ਕਮਰੇ ਵਿਚ ਆਇਆ ਅਤੇ ਪਰਤਾਵੇ ਦੇ ਖ਼ਿਆਲ ਨਾਲ ਵੱਖ ਵੱਖ ਕਾਗ਼ਜ਼ ਮੰਗਣੇ ਸ਼ੁਰੂ ਕੀਤੇ। ਜਿਹੜਾ ਕਾਗ਼ਜ਼ ਵੀ ਸਾਹਿਬ ਮੰਗਦਾ, ਉਹ ਉਹੀ ਝੱਟ ਕੱਢ ਕੇ ਫੜਾ ਦੇਂਦਾ। ਸਾਹਿਬ ਉਸ ਦੇ ਕੰਮ ਉੱਤੇ ਇੰਨਾ ਖ਼ੁਸ਼ ਹੋਇਆ ਕਿ ਉਸ ਨੇ ਉਸੇ ਦਿਨ ਉਸ ਨੂੰ ਅਗਲੀ ਤਰੱਕੀ ਦੇ ਦਿੱਤੀ।

ਤਤਕਰਿਆਂ ਦੀ ਮਹੱਤਾ ਦੇ ਵਧਣ ਨਾਲ ਇਨ੍ਹਾਂ ਦੀਆਂ ਕਿਸਮਾਂ ਵੀ ਬਹੁਤ ਵਧ ਗਈਆਂ ਹਨ ਤੇ ਇਸ ਕਿੱਤੇ ਨਾਲ ਸੰਬੰਧਿਤ ਪੁਸਤਕਾਂ ਵੀ ਬਥੇਰੀਆਂ ਨਿਕਲ ਆਈਆਂ ਹਨ। ਪਰ ਉਨ੍ਹਾਂ ਵਿਚ ਵਰਤੇ ਗਏ ਸੰਕਲਪ ਬਹੁਤ ਵਾਰੀ ਭੰਬਲ-ਭੂਸਿਆਂ ਵਿਚ ਪਾਣ ਵਾਲੇ ਸਿੱਧ ਹੁੰਦੇ ਹਨ[1]। ਤਾਂ ਵੀ, ਤਤਕਰੇ ਤੋਂ ਕੀਤੀ ਜਾਂਦੀ ਅਸਲੀ ਮੰਗ ਨਹੀਂ ਬਦਲੀ ਤੇ ਉਹ ਹੈ : "ਕਿਸੇ ਵੱਡੇ ਭੰਡਾਰ ਵਿੱਚੋਂ ਲੋੜੀਂਦੀ ਸੂਚਨਾ ਦਾ ਅਸਾਨੀ ਨਾਲ ਜੁਟਾ ਦੇਣਾ"[2]। ਇਹੀ ਉਹ ਕਸਵੱਟੀ ਹੈ ਜਿਸ ਉੱਤੇ ਕਿਸੇ ਇੰਡੈਕਸ ਦੀ ਸਫਲਤਾ ਪਰਖੀ ਜਾ ਸਕਦੀ ਹੈ। ਇੰਡੈਕਸ ਉਸ ਹੱਦ ਤਕ ਹੀ ਸਫਲ ਮੰਨਿਆ ਜਾਵੇਗਾ ਜਿਸ ਹੱਦ ਤਕ ਕਿ ਇਹ ਕਿਸੇ ਪਾਠਕ ਨੂੰ ਕਿਤਾਬ ਵਿਚਲੀ ਸੂਚਨਾ, ਬਿਨਾਂ ਕਿਸੇ ਲੰਮੇ-ਚੌੜੇ ਤਰੱਦਦ ਦੇ ਜੁਟਾ ਦੇਂਦਾ ਹੈ[3]।

ਤਤਕਰੇ ਦੀਆਂ ਕਈ ਕਿਸਮਾਂ ਵਿੱਚੋਂ ਸਾਡਾ ਵਾਸਤਾ "ਸੰਬੰਧ-ਸੂਚਕ ਤਤਕਰੇ" ਜਾਂ ਰੈਲੇਟਿਵ ਇੰਡੈਕਸ ਨਾਲ ਹੈ। ਇਹ ਇਕ ਐਸਾ ਸੰਕਲਪ ਹੈ ਜੋ ਅਸਲ ਵਿਚ ਪੁਸਤਕਾਂ ਦੇ ਵਿਸ਼ਿਆਂ ਦੀ ਵਰਗ-ਵੰਡ (classification) ਨਾਲ ਸੰਬੰਧ ਰੱਖਦਾ ਹੈ। ਇਕ ਪ੍ਰਸਿੱਧ ਵਿਦਵਾਨ 'ਰੈਲਿਟਿਵ ਇੰਡੈਕਸ' ਦੀ ਪਰਿਭਾਸ਼ਾ ਇੰਜ ਕਰਦਾ ਹੈ : "ਵਰਗ-ਵੰਡ ਉੱਤੇ ਆਧਾਰਿਤ ਕਿਸੇ ਵਿਉਂਤ ਲਈ ਅੱਖਰ-ਕ੍ਰਮ ਅਨੁਸਾਰ ਤਿਆਰ ਕੀਤਾ ਅਜੇਹਾ ਤਤਕਰਾ, ਜਿਸ ਵਿਚ ਹਰੇਕ ਐਂਟਰੀ ਹੇਠ, ਉਸ ਵਿਸ਼ੇ ਦੇ ਸਾਰੇ ਪੱਖ ਤੇ ਸੰਬੰਧਿਤ ਬਿਉਰੇ, ਇਕੱਠੇ ਕਰ ਦਿੱਤੇ ਹੋਣ" [4]। ਜਤਨ ਇਹ ਹੁੰਦਾ ਹੈ ਕਿ ਵਿਸ਼ੇ ਦੀ ਵਰਗ-ਵੰਡ (Classification) ਪੂਰੀ ਬਾਰੀਕੀ ਨਾਲ ਕੀਤੀ ਜਾਵੇ ਤੇ ਫਿਰ ਉਸ ਨਾਲ ਸੰਬੰਧ ਰੱਖਣ ਵਾਲੀਆਂ ਸਾਰੀਆਂ ਗੱਲਾਂ ਇੱਕੋ ਥਾਂ ਉਸ ਵਿਸ਼ੇ ਹੇਠ ਇਕੱਠੀਆਂ

1. Index Organization for Information Retrieval, *Reference Manual*, p.1.
2. ਉਹੀ, ਪੰਨਾ 2 .
3. *Training in Indexing* (ed. G. Norman Knight), p. 51.
4. "Relative Index : An alphabetic index to a classification scheme in which all relationships and aspects of the subject are brought together under each index entry." —*Librarian's Glossary and Reference Book* (comp. L. M. Harrod), p. 699.

ਕਰ ਦਿੱਤੀਆਂ ਜਾਣ ਤਾਂ ਜੋ ਜਿਸ ਵੀ ਪੱਖ ਤੋਂ ਕੋਈ ਉਸ ਨੂੰ ਵਾਚਣਾ ਚਾਹੇ, ਵਾਚ ਸਕੇ। ਛਪੀਆਂ ਪੁਸਤਕਾਂ ਵਿਚ ਅੱਜ ਕਲ੍ਹ ਕਈ ਭਾਂਤ ਦੇ ਤਤਕਰੇ ਦੇਣ ਦਾ ਰਿਵਾਜ ਹੈ। ਕਈਆਂ ਵਿਚ ਇਕ, ਕਈਆਂ ਵਿਚ ਦੋ ਤੇ ਕਈਆਂ ਵਿਚ ਇਸ ਤੋਂ ਵੀ ਵੱਧ ਤਤਕਰੇ ਦੇਖੇ ਜਾ ਸਕਦੇ ਹਨ। ਇਕ ਬੜਾ ਆਮ ਤਤਕਰਾ, ਪੁਸਤਕ ਵਿਚ ਆਏ ਵਿਅਕਤੀਆਂ ਤੇ ਥਾਵਾਂ ਦੇ ਨਾਂਵਾਂ ਦਾ ਹੁੰਦਾ ਹੈ। ਇਸ ਨੂੰ ਸਾਧਾਰਣ ਤਤਕਰਾ (General Index) ਕਿਹਾ ਜਾ ਸਕਦਾ ਹੈ। ਦੂਜਾ, ਪੁਸਤਕ ਵਿਚ ਵਿਚਾਰੇ ਗਏ ਅੱਡ ਅੱਡ ਵਿਸ਼ਿਆਂ ਨਾਲ ਜਾਣਕਾਰੀ ਦੇਣ ਦਾ ਜਤਨ ਕਰਦਾ ਹੈ। ਇਹ ਵਿਸ਼ੇ-ਮੂਲਕ ਤਤਕਰਾ (Subject Index) ਹੁੰਦਾ ਹੈ। ਤੀਜਾ, ਇਤਿਹਾਸਿਕ ਮਿਤੀਆਂ ਦਾ ਨਿਖੇੜਾ ਕਰਨ ਵਾਲਾ ਅਰਥਾਤ Chronology ਉੱਤੇ ਆਧਾਰਿਤ ਤਤਕਰਾ ਹੋ ਸਕਦਾ ਹੈ। ਕੁੱਝ ਹੋਰ ਬਾਰੀਕੀ ਵਿਚ ਜਾ ਕੇ ਤਿਆਰ ਕੀਤਾ ਤਤਕਰਾ ਵਿਸ਼ਲੇਸ਼ਣਾਤਮਕ ਜਾਂ Analytical ਹੋ ਸਕਦਾ ਹੈ। ਇਸ ਤਰ੍ਹਾਂ, ਤਤਕਰਿਆਂ ਦੀਆਂ ਭਿੰਨ ਭਿੰਨ ਕਿਸਮਾਂ ਹੁੰਦੀਆਂ ਹਨ। ਇਹ ਸਭ ਤਤਕਰੇ ਆਪਣੇ ਆਪਣੇ ਵਿਸ਼ੇਸ਼ ਘੇਰੇ ਤਕ ਸੀਮਿਤ ਹੁੰਦੇ ਹਨ। ਪਰ ਜਿਹੜਾ ਤਤਕਰਾ ਮੈਂ ਆਪਣੇ ਇਸ ਖੋਜ-ਪ੍ਰਬੰਧ ਲਈ ਚੁਣਿਆ ਹੈ, ਉਹ "ਸੰਬੰਧ-ਸੂਚਕ ਤਤਕਰਾ" ਹੈ। ਇਸ ਨੂੰ ਬਹੁ-ਪੱਖੀ (Multi-Dimensional) ਤਤਕਰਾ ਕਿਹਾ ਜਾ ਸਕਦਾ ਹੈ। ਵਿਸ਼ਵ-ਕੋਸ਼ੀ ਪ੍ਰਵਿਰਤੀ ਵਾਲੇ *ਗੁਰ ਪ੍ਰਤਾਪ ਸੂਰਜ ਗ੍ਰੰਥ* ਨੂੰ ਇਹੀ ਤਤਕਰਾ ਰਾਸ ਆ ਸਕਦਾ ਸੀ। ਇਸ ਦੀ ਥਾਂ ਜੇ ਚਾਰ ਪੰਜ ਅੱਡ ਅੱਡ ਤਤਕਰੇ ਤਿਆਰ ਕੀਤੇ ਜਾਂਦੇ ਤਾਂ ਉਹ ਠੀਕ ਨਹੀਂ ਰਹਿਣੇ ਸਨ। ਉਨ੍ਹਾਂ ਨਾਲ ਗ੍ਰੰਥ ਦੀ ਸਮੁੱਚਤਾ ਦਾ ਪ੍ਰਭਾਵ ਟੁੱਟਣਾ ਸੀ ਤੇ ਸੰਬੰਧਿਤ ਸੂਚਨਾ ਲੱਭਣ ਵਿਚ ਵੀ ਔਖ ਹੋਣੀ ਸੀ।

"ਸੰਬੰਧ-ਸੂਚਕ" ਤਤਕਰੇ ਦਾ ਸੰਕਲਪ, ਮੁੱਖ ਰੂਪ ਵਿਚ, ਜਿਵੇਂ ਕਿ ਉੱਪਰ ਸੰਕੇਤ ਹੋ ਚੁੱਕਿਆ ਹੈ, ਪੁਸਤਕਾਲਿਆਂ ਵਿਚ ਵਰਤੀ ਜਾਣ ਵਾਲੀ ਵਰਗ-ਵੰਡ (Classification Scheme) ਨਾਲ ਜੁੜਿਆ ਹੋਇਆ ਹੈ। ਮੈਂ ਉਸ ਸੰਕਲਪ ਨੂੰ ਆਪਣੀ ਲੋੜ ਅਨੁਸਾਰ ਢਾਲ ਕੇ ਵਰਤਿਆ ਹੈ। ਮੂਲ ਗ੍ਰੰਥ ਭਾਈ ਸੰਤੋਖ ਸਿੰਘ ਅਤੇ ਭਾਈ ਵੀਰ ਸਿੰਘ, ਦੋ ਵਿਦਵਾਨਾਂ ਦੇ ਗਿਆਨ ਦਾ ਵੱਡਾ ਭੰਡਾਰ ਹੈ। ਇਸ ਵਿਚ ਕਈ ਪ੍ਰਕਾਰ ਦੀ ਸੂਚਨਾ ਭਰੀ ਹੋਈ ਹੈ ਜੋ ਇਤਿਹਾਸਿਕ ਵਿਆਕਤੀਆਂ ਬਾਰੇ ਹੈ; ਇਤਿਹਾਸਿਕ ਘਟਨਾਵਾਂ ਤੇ ਥਾਵਾਂ ਬਾਰੇ ਹੈ; ਪੁਰਾਣਿਕ ਵਿਅਕਤੀਆਂ ਤੇ ਕਲਪਿਤ ਖੰਡਾਂ ਬਾਰੇ ਹੈ; ਸਦਾਚਾਰਕ ਵਿਸ਼ਿਆਂ ਤੇ ਅਧਿਆਤਮਿਕ ਸਿਧਾਂਤਾਂ ਤੇ *ਔਖੇ ਪਾਠਾਂ ਦੀ ਵਿਆਖਿਆਂ* ਬਾਰੇ ਹੈ ਅਤੇ ਨਵੇਂ ਪੁਰਾਣੇ ਅਨੇਕ ਲੇਖਕਾਂ ਬਾਰੇ ਹੈ। ਗ੍ਰੰਥ ਵਿਚ ਮਿਲਦੀ ਸਾਰੀ ਸੂਚਨਾ ਨੂੰ, "ਸੰਬੰਧ-ਸੂਚਕ" ਤਤਕਰੇ ਦੀ ਮੰਗ ਅਨੁਸਾਰ, ਜਿੰਨੇ ਪੱਖਾਂ ਤੋਂ ਹੋ ਸਕਿਆ ਹੈ, ਸ਼ਾਮਿਲ ਕੀਤਾ ਗਿਆ ਹੈ। ਸਿੱਟਾ ਇਹ ਕਿ ਕਿਸੇ ਇਕ ਸੂਚਨਾ ਦੀਆਂ, ਵੱਖ ਵੱਖ ਪੱਖਾਂ ਤੋਂ ਆਉਣ ਕਰਕੇ, ਇਕ ਦੀ ਥਾਂ ਦੋ, ਅਤੇ ਕਈ ਵਾਰੀ ਇਸ ਤੋਂ ਵੱਧ ਐਂਟਰੀਆਂ ਆ ਗਈਆਂ ਹਨ। ਉਦਾਹਰਣ ਵਜੋਂ, 'ਕਰਤਾਰਪੁਰ ਦੀ ਲੜਾਈ' ਦਾ ਇੰਦਰਾਜ ਗੁਰੂ ਹਰਿਗੋਬਿੰਦ ਜੀ ਦੀਆਂ ਜੀਵਨ-ਘਟਨਾਵਾਂ ਵਿਚ ਤਾਂ ਹੋਣਾ ਹੀ ਸੀ, ਜਿਨ੍ਹਾਂ ਯੋਧਿਆਂ ਨੇ ਇਸ ਯੁੱਧ ਵਿਚ ਹਿੱਸਾ ਲਿਆ ਸੀ, ਉਨ੍ਹਾਂ ਦੇ ਹਾਲਾਤ ਤੇ ਯੁੱਧਾਂ ਦਿਆਂ ਬਿਉਰਿਆਂ ਵਿਚ ਹੋਇਆ ਵੀ ਮਿਲ ਜਾਵੇਗਾ।

ਇਸੇ ਵਿਧੀ ਅਧੀਨ, ਕਿਸੇ ਵਿਅਕਤੀ ਜਾਂ ਵਿਸ਼ੇ ਨਾਲ ਸੰਬੰਧਿਤ ਸੂਚਨਾ, ਚੋਦਾਂ ਦੀਆਂ ਚੋਦਾਂ ਜਿਲਦਾਂ ਵਿੱਚੋਂ ਜਿੱਥੇ ਕਿਤੇ ਵੀ ਖਿੰਡੀ ਹੋਈ ਹੈ, ਭਾਵੇਂ ਪ੍ਰਸਤਾਵਨਾ ਵਿਚ ਹੈ, ਭਾਵੇਂ ਪਹਿਲੀ ਜਾਂ ਚੋਦਵੀਂ ਵਿਚ ਹੈ, ਉਹ, ਸੰਬੰਧਿਤ ਥਾਂ, ਜਾਂ ਸੰਬੰਧਿਤ ਵਿਸ਼ੇ ਹੇਠ ਇਕੱਠੀ ਕਰ ਦਿੱਤੀ ਗਈ ਹੈ। ਮਿਸਾਲ ਵਜੋਂ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਕ ਸਾਖੀ *ਨਾਨਕ ਪ੍ਰਕਾਸ਼* ਵਾਲੀਆਂ ਜਿਲਦਾ ਤੋਂ ਅੱਗੇ ਅੱਠਵੀਂ ਜਿਲਦ ਵਿਚ ਵੀ ਮਿਲ ਜਾਂਦੀ ਹੈ, ਮੈਂ ਇਸ ਨੂੰ "ਨਾਨਕ ਦੇਵ, ਗੁਰੂ" ਨਾਂ ਦੀ ਵੱਡੀ ਐਂਟਰੀ ਦੀ ਗੌਣ-ਐਂਟਰੀ "ਸਾਖੀਆਂ (ਘਟਨਾ-ਕ੍ਰਮ ਅਨੁਸਾਰ)" ਦੀ ਸਮਾਪਤੀ ਉੱਤੇ "ਹੋਰ ਵਾਧੂ ਸਾਖੀਆਂ" ਸਿਰਲੇਖ ਹੇਠ ਦੇ ਦਿੱਤਾ ਹੈ। ਇੰਜ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਦਾ ਸਮੁੱਚਾ ਚਿਤਰ, ਬੱਝਵੇਂ ਰੂਪ ਵਿਚ, ਇੱਕੋ ਥਾਂ ਪਾਠਕਾਂ ਨੂੰ ਮਿਲ ਸਕਦਾ ਹੈ, ਜਿਸ ਕਰਕੇ ਪਾਠਕਾਂ ਲਈ ਬੜੀ ਸਹੂਲਤ ਪੈਦਾ ਹੋਣ ਦੀ ਆਸ ਹੈ।

ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਕਿਸੇ ਪੱਖ ਉੱਤੇ, ਸੁਯੋਗ ਸੰਪਾਦਕ, ਭਾਈ ਵੀਰ ਸਿੰਘ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ, ਜਿੱਥੇ ਕਿਤੇ ਵੀ ਉਹ ਸਨ, ਇਕੱਤਰ ਕਰ ਕੇ ਸੰਬੰਧਿਤ ਗੁਰੂ ਦੇ ਨਾਂ ਥੱਲੇ "ਫੁਟਕਲ (ਜਾਂ ਕੁਝ) ਟਿੱਪਣੀਆਂ" ਦੇ ਗੌਣ-ਸਿਰਲੇਖ ਹੇਠ ਦੇ ਦਿੱਤੀਆਂ ਹਨ। ਸੰਬੰਧ-ਸੂਚਕ ਤਤਕਰੇ ਦੀ

ਪ੍ਰਕ੍ਰਿਤੀ ਨੂੰ ਮੁੱਖ ਰੱਖਦਿਆਂ ਜਤਨ ਇਹ ਕੀਤਾ ਗਿਆ ਹੈ ਕਿ ਸੰਬੰਧਿਤ ਵਿਅਕਤੀ ਜਾਂ ਵਿਸ਼ੇ ਬਾਰੇ ਸਾਰੀ ਸੂਚਨਾ ਪਾਠਕ ਨੂੰ ਇੱਕੋ ਥਾਂ ਮਿਲ ਜਾਏ।

ਇਨ੍ਹਾਂ ਟਿੱਪਣੀਆਂ ਵਿਚ ਕਈ ਵਾਰੀ ਸਿੱਖ ਮਤ ਦੇ ਦਾਰਸ਼ਨਿਕ ਵਿਸ਼ੇ ਖੋਲ੍ਹੇ ਮਿਲਦੇ ਹਨ। ਇਸ ਖ਼ਿਆਲ ਨਾਲ ਕਿ ਉਸ ਟਿੱਪਣੀ ਵਿਚ ਦਿੱਤੀ ਗਈ ਸੂਚਨਾ ਪਾਠਕ ਨੂੰ ਹਰ ਸਮੇਂ ਅਸਾਨੀ ਨਾਲ ਮਿਲ ਸਕੇ, ਉਸ ਟਿੱਪਣੀ ਦੇ ਭਾਵ ਨੂੰ ਢੁੱਕਵਾਂ ਸਿਰਲੇਖ ਦੇ ਕੇ ਇਕਹਿਰੇ ਕਾਮਿਆਂ ਵਿਚ, ਵਿਸ਼ੇ ਵਜੋਂ ਵੀ ਰੱਖ ਦਿੱਤਾ ਗਿਆ ਹੈ। ਇਸ ਤਰ੍ਹਾਂ ਨਾਲ ਹਰੇਕ ਸੂਚਨਾ ਨੂੰ ਸਾਰੇ ਹੀ ਸੰਬੰਧਿਤ ਪੱਖਾਂ ਤੋਂ ਨਜਿੱਠਣ ਦਾ ਜਤਨ ਕੀਤਾ ਗਿਆ ਹੈ।

ਸੰਬੰਧ-ਸੂਚਕ ਇੰਡੈਕਸ ਦਾ ਇਕ ਜ਼ਰੂਰੀ ਕਾਰਜ ਰਲਦੀਆਂ ਐਂਟਰੀਆਂ ਨੂੰ ਪਰਸਪਰ ਸੰਬੰਧ ਵਿਚ ਬੰਨ੍ਹਣਾ ਹੁੰਦਾ ਹੈ। ਇਸ ਤਤਕਰੇ ਵਿਚ ਇਹ ਸੇਵਾ ਵੀ ਨਿਭਾਈ ਗਈ ਹੈ। ਉਦਾਹਰਣ ਵਜੋਂ, ਚੰਡਿਕਾ, ਕਾਲੀ ਦੇਵੀ (ਕਾਲਿਕਾ) ਤੇ ਦੁਰਗਾ (ਜਗਦੰਬਾ), ਜੋ ਇੱਕੋ ਦੇਵੀ ਦੇ ਅੱਡ ਅੱਡ ਨਾਂ ਹਨ ਤੇ ਮੂਲ ਗ੍ਰੰਥ ਵਿਚ ਬਿਨਾਂ ਵਿਤਕਰੇ, ਰਲਗੱਡ ਜੇਹੇ ਰੂਪ ਵਿਚ (ਤੇ ਅੱਡ ਅੱਡ ਥਾਵਾਂ ਤੇ ਰੂਪਾਂ ਵਿਚ ਵੀ) ਵਰਤੇ ਹੋਏ ਹਨ, ਅੱਡ ਅੱਡ ਐਂਟਰੀਆਂ ਵਿਚ ਦਰਜ ਕੀਤੇ ਗਏ ਹਨ, ਪਰ ਨਾਲ ਹੀ ਇਨ੍ਹਾਂ ਨੂੰ ਆਢੇ ਸੰਕੇਤ (cross reference) ਦੀ ਵਰਤੋਂ ਰਾਹੀਂ ਅਰਥਾਤ "ਦੇਖੋ (ਤੇ ਹੋਰ ਦੇਖੋ)...." ਦੀ ਜੁਗਤ ਰਾਹੀਂ ਇਕ ਦੂਜੇ ਨਾਲ ਜੋੜ ਵੀ ਦਿੱਤਾ ਗਿਆ ਹੈ।

ਜਿਵੇਂ ਕਿ ਮੈਂ ਅੱਗੇ ਕਹਿ ਆਈ ਹਾਂ, *ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ* ਇਤਿਹਾਸਿਕ ਖੇਤਰ ਦੇ ਨਾਲ ਨਾਲ ਅਧਿਆਤਮਿਕ ਖੇਤਰ ਦਾ ਵੀ ਇਕ ਮਹਾਨ ਗ੍ਰੰਥ ਹੈ। ਇਸ ਵਿਚ ਭਾਈ ਸੰਤੋਖ ਸਿੰਘ ਨੇ, ਥਾਂ-ਪਰ-ਥਾਂ, ਵੇਦਾਂਤ, ਗੁਰਮਤਿ ਤੇ ਦੂਜੇ ਮੱਤਾਂ ਦੇ ਨੁਕਤੇ ਖੋਲ੍ਹੇ ਹਨ। ਇਨ੍ਹਾਂ ਨੂੰ ਛੋਟੇ ਛੋਟੇ ਟੋਟਿਆਂ ਵਿਚ ਵੰਡ ਕੇ, ਤੇ ਇਨ੍ਹਾਂ ਦਾ ਆਪਸੀ ਸੰਬੰਧ ਕਾਇਮ ਕਰ ਕੇ, ਇਕ ਹੀ ਸਿਰਲੇਖ ਹੇਠ ਦਰਜ ਕੀਤਾ ਗਿਆ ਹੈ। ਉਦਾਹਰਣ ਵਜੋਂ : ਸ਼ਬਦ "ਵਾਹਿਗੁਰੂ" ਦੇ ਅਧੀਨ ਹੇਠ ਲਿਖੇ ਗੌਣ ਪੱਖ ਬਣਾ ਕੇ, ਸਾਰੀਆਂ ਜਿਲਦਾਂ ਵਿਚ ਖਿੰਡੀ ਪੁੰਡੀ ਸੂਚਨਾ ਲੱਭ ਕੇ, ਇਨ੍ਹਾਂ ਵਿਚ ਜਿੱਥੇ ਜਿੱਥੇ ਕੋਈ ਸੂਤ ਬੈਠਦੀ ਸੀ, ਉੱਥੇ ਉੱਥੇ ਹੀ ਟਿਕਾ ਦਿੱਤੀ ਗਈ ਹੈ :

ਵਾਹਿਗੁਰੂ
- ਸਤੋਤਰ
- ਜਾਪ-ਮੰਤ੍ਰ
- ਟੀਕਾ
- ਨਾਮ ਮਹਾਤਮ
- ਨਿਰਗੁਣ ਤੇ ਸਰਗੁਣ ਸਰੂਪ

ਸੰਬੰਧ-ਸੂਚਕ ਤਤਕਰੇ ਨੂੰ ਵਿਅਕਤੀਆਂ ਦੇ ਨਿਖੇੜ ਲਈ ਵੀ ਵਰਤਿਆ ਗਿਆ ਹੈ। ਜਿਵੇਂ, ਇਸ ਇੰਡੈਕਸ ਵਿਚ 'ਰਾਮਾ' ਨਾਂ ਦੇ ਛੇ ਵਿਅਕਤੀ ਆਏ ਹਨ। ਉਨ੍ਹਾਂ ਦਾ ਨਿਖੇੜਾ ਕਰਨ ਲਈ ਉਨ੍ਹਾਂ ਦੀ ਪਛਾਣ ਦਾ ਹਵਾਲਾ ਕੁੱਬੇ ਬ੍ਰੈਕਟਾਂ ਵਿਚ ਨਾਲ ਹੀ ਦੇ ਦਿੱਤਾ ਹੈ, ਜਿਵੇਂ :

ਰਾਮਾ (ਗੁਰੂ ਅਮਰਦਾਸ ਦਾ ਜਵਾਈ)
ਰਾਮਾ (ਗੁਰੂ ਅਰਜਨ ਦਾ ਸਿੱਖ)
ਰਾਮਾ (ਗੁਰੂ ਨਾਨਕ ਦਾ ਨਾਨਾ)
ਰਾਮਾ (ਦਾਸ)
ਰਾਮਾ (ਫੂਲ ਵੰਸ਼ਜ)
ਰਾਮਾ (ਬਾਬਾ ਗੁਰਦਿੱਤਾ ਦਾ ਸਹੁਰਾ)

ਜਿਵੇਂ ਕਿ ਜ਼ਿਕਰ ਹੋ ਚੁੱਕਾ ਹੈ, ਭਾਈ ਵੀਰ ਸਿੰਘ ਦੀ ਟੀਕਾਕਾਰੀ ਵਾਲੇ ਇਸ ਮਹਾਨ ਗ੍ਰੰਥ ਵਿਚ ਕਈ ਅਹਿਮ ਨੁਕਤਿਆਂ ਉੱਤੇ, ਦੋ ਪਾਸਿਆਂ ਤੋਂ ਚਾਨਣ ਪੈਂਦਾ ਵੇਖਿਆਂ ਜਾ ਸਕਦਾ ਹੈ : ਇਕ, ਮਹਾਨ ਵਿਦਵਾਨ ਤੇ ਕਵੀ ਭਾਈ ਸੰਤੋਖ ਸਿੰਘ ਜੀ ਵਲੋਂ ਤੇ ਦੂਜੇ ਓਡੇ ਹੀ ਸੁਯੋਗ ਟੀਕਾਕਾਰ, ਭਾਈ ਵੀਰ ਸਿੰਘ

ਵਲੋਂ। ਦੋਹਾਂ ਦਾ ਨਿਖੇੜ ਕਰਨ ਲਈ, ਮੈਂ ਹਰੇਕ ਥਾਂ ਭਾਈ ਵੀਰ ਸਿੰਘ ਦੀ ਲਿਖਤ ਨਾਲ 'ਫ' ਵਰਤਿਆ ਹੈ। ਇਹ ਫ਼ੁਟ-ਨੋਟਾਂ ਦਾ ਜਾਂ ਦੂਜੇ ਸ਼ਬਦਾਂ ਵਿਚ, ਭਾਈ ਵੀਰ ਸਿੰਘ ਦੁਆਰਾ ਹੋਈ ਟਿੱਪਣੀ (annotation) ਦਾ ਸੂਚਕ ਹੈ। 'ਫ' ਦੀ ਵਰਤੋਂ ਦਾ ਨਤੀਜਾ ਇਹ ਹੋਇਆ ਹੈ ਕਿ ਦੋਹਾਂ ਵਿਦਵਾਨਾਂ ਦੀ ਦੇਣ ਨਿੱਖੜਵੇਂ ਰੂਪ ਵਿਚ ਅੱਖਾਂ ਸਾਮ੍ਹਣੇ ਆਉਂਦੀ ਰਹਿੰਦੀ ਹੈ।

ਮੇਰਾ ਤਤਕਰਾ ਅੱਖਰ-ਕ੍ਰਮ ਵਿਚ ਬੱਝਾ ਹੋਇਆ ਹੈ। ਹਰੇਕ ਵੱਡੀ ਐਂਟਰੀ ਅੱਗੋਂ ਛੋਟੀਆਂ, ਜਾਂ ਗੌਣ ਐਂਟਰੀਆਂ ਵਿਚ ਵੰਡੀ ਹੋਈ ਹੈ; ਗੌਣ ਐਂਟਰੀਆਂ ਵੀ ਅੱਖਰ-ਕ੍ਰਮ ਅਨੁਸਾਰ ਰੱਖੀਆਂ ਗਈਆਂ ਹਨ, ਪਰ ਗੌਣ ਐਂਟਰੀਆਂ ਦੀ ਅੱਗੋਂ ਵੰਡ ਵੇਲੇ, ਗੁਰ-ਵਿਅਕਤੀਆਂ ਨੂੰ ਅੱਖਰ-ਕ੍ਰਮ ਵਿਚ ਨਹੀਂ, ਘਟਨਾ-ਕ੍ਰਮ ਵਿਚ ਰੱਖਿਆ ਗਿਆ ਹੈ। ਇਉਂ ਇਸ ਕਾਰਣ ਕੀਤਾ ਗਿਆ ਹੈ ਤਾਂ ਜੋ ਹਰ ਗੁਰੂ ਸਾਹਿਬ ਦੀ ਜੀਵਨੀ ਕਾਲ-ਕ੍ਰਮ ਵਿਚ ਬੱਝਕੇ, ਆਪਣੇ, ਸਮੁੱਚੇ ਰੂਪ ਵਿਚ, ਪਾਠਕਾਂ ਦੀਆਂ ਨਜ਼ਰਾਂ ਵਿਚ ਆ ਸਕੇ। ਜੇ ਮੈਂ ਇਨ੍ਹਾਂ ਨੂੰ ਅੱਖਰ-ਕ੍ਰਮ ਵਿਚ ਬੰਨ੍ਹਦੀ ਤਾਂ ਸਮੁੱਚੀ ਜੀਵਨੀ ਦਾ ਚਿਤਰ ਭੰਗ ਹੋ ਜਾਣਾ ਸੀ। ਇਸੇ ਕਾਰਣ ਇਸ ਅੰਸ਼ਿਕ ਰੂਪ ਵਿਚ ਬਦਲੀ ਹੋਈ ਵਿਧੀ ਨੂੰ ਅਪਣਾਉਣਾ ਹੀ ਠੀਕ ਸਮਝਿਆ ਗਿਆ ਹੈ। ਉਦਾਹਰਣ ਵਜੋਂ :

ਨਾਨਕ, ਗੁਰੂ
- ਸਾਖੀਆਂ (ਘਟਨਾ-ਕ੍ਰਮ ਅਨੁਸਾਰ)
- ਆਗਮਨ ਸਥਲ
- ਜਨਮ-ਪ੍ਰਸੰਗ
- ਹਰਿਦਯਾਲ ਦੀ ਭਵਿੱਸ਼ ਬਾਣੀ
- ....
- ਸੁਲੱਖਣੀ ਦਾ ਪੁੱਤ੍ਰਾਂ ਨੂੰ ਗੁਰੂ ਦਰਸ਼ਨ ਹਿਤ ਸੱਦਣਾ
- ਪੁੱਤ੍ਰਾਂ ਨੂੰ ਵਰ ਤੇ ਉਪਦੇਸ਼
- ਪ੍ਰਲੋਕ-ਗਮਨ

ਹੋਰ ਵਾਧੂ ਸਾਖੀਆਂ
- ਬੁੱਢਣ ਸ਼ਾਹ ਪ੍ਰਸੰਗ
- ਸਿੱਖ ਪਰਖਣ ਪ੍ਰਸੰਗ
- ਖਲਵਾੜੇ ਫੂਕ ਦਿੱਤੇ
- ....
- ....
- ਪਾਣਕ ਰੂਪ ਧਾਰਿਆ

ਕੁੱਝ ਟਿੱਪਣੀਆਂ
- ਅਵਤਾਰ ਹੋਣ ਬਾਰੇ ਚਰਚਾ
- ਕੜਾਹ ਪ੍ਰਸਾਦ ਪ੍ਰਚਾਲਨ ਪ੍ਰਸੰਗ
- ....
- ....

ਫੁਟਕਲ ਸੰਕੇਤ

ਮੰਗਲ

ਸੰਬੰਧ-ਸੂਚਕ ਤਤਕਰੇ ਨੂੰ ਵਧੇਰੇ ਉਪਯੋਗੀ ਬਣਾਉਣ ਲਈ, ਗੁਰੂ-ਵਿਅਕਤੀਆਂ ਤੇ ਹੋਰਨਾਂ ਕਾਰਜ-ਕਰਤਿਆਂ ਦੀਆਂ ਜੀਵਨ-ਘਟਨਾਵਾਂ ਨੂੰ ਨਿੱਕੇ ਨਿੱਕੇ ਟੋਟਿਆਂ ਵਿਚ ਵੰਡ ਕੇ ਦਰਜ ਕੀਤਾ ਗਿਆ ਹੈ ਤਾਂ ਜੋ ਕਿਸੇ ਖੋਜਕਾਰ ਨੂੰ ਲੋੜੀਂਦੀ ਸੂਚਨਾ ਢੂੰਡਣ ਲਈ ਬਹੁਤੇ ਪੱਤਰੇ ਨਾ ਫੋਲਣੇ ਪੈਣ। ਇਹ ਇਸ ਕਰਕੇ ਜ਼ਰੂਰੀ ਸੀ ਕਿ ਭਾਈ ਸੰਤੋਖ ਸਿੰਘ ਦਾ ਸੁਭਾ ਲੰਮੇ ਵਿਸਤਾਰ ਵਿਚ ਚਲੇ ਜਾਣ ਦਾ ਹੈ। ਸੂਚਨਾ ਦੇ ਟਿਕਾਣੇ

ਨੂੰ ਵਿਖਾਣ ਲਈ ਅਜੇਹਾ ਕਰਨਾ ਜ਼ਰੂਰੀ ਸੀ।

ਆਪਣੀ ਮੌਜੂਦਾ ਹਾਲਤ ਵਿਚ ਇਹ *ਸੰਬੰਧ ਸੂਚਕ ਤਤਕਰਾ*, ਨਾ ਕੇਵਲ ਹਰ ਤਰ੍ਹਾਂ ਦੇ ਇਤਿਹਾਸਿਕ ਤੇ ਪੁਰਾਣਿਕ ਵਿਅਕਤੀਆਂ, ਸਥਾਨਾਂ ਤੇ ਘਟਨਾਵਾਂ ਦੀ ਕੁੰਜੀ ਮੁਹੱਈਆਂ ਕਰਦਾ ਹੈ, ਸਗੋਂ ਗ੍ਰੰਥ ਵਿਚ ਵਰਤੀਆਂ ਰਚਨਾਵਾਂ, ਉਨ੍ਹਾਂ ਦੇ ਲੇਖਕਾਂ ਅਤੇ ਵਿਚਾਰ-ਅਧੀਨ ਆਏ ਦਾਰਸ਼ਨਿਕ ਤੇ ਸਮਾਜਿਕ ਨੁਕਤਿਆਂ ਨੂੰ ਵੀ ਖੋਲ੍ਹਦਾ ਤੇ ਹਰ ਤਰ੍ਹਾਂ ਦੀ ਸੂਚਨਾ ਜੁਟਾਉਂਦਾ ਹੈ[5]।

ਇਸ ਤਤਕਰੇ ਨਾਲ ਸਾਹਿੱਤ ਤੇ ਇਤਿਹਾਸ ਦੇ ਖੋਜਕਾਰਾਂ ਨੂੰ ਚੌਦਾਂ ਜਿਲਦਾਂ ਵਿਚ ਫੈਲੇ ਹੋਏ ਇਸ ਮਹਾਨ ਗ੍ਰੰਥ ਵਿਚੋਂ ਲੋੜੀਂਦੀ ਸੂਚਨਾ ਅਸਾਨੀ ਨਾਲ ਲੱਭ ਪੈਣ ਦੀ ਆਸ ਬੱਝ ਜਾਵੇਗੀ ਤੇ ਇਹੀ ਇਸ ਦੀ ਸਭ ਤੋਂ ਵੱਡੀ ਪ੍ਰਾਪਤੀ ਹੋਵੇਗੀ। ਨਿਰਸੰਦੇਹ ਇਹ ਇਸ ਖੇਤਰ ਦੀ ਖੋਜ ਦਾ ਇਕ ਬਹੁਤ ਵਧੀਆਂ ਤੇ ਲਾਭਦਾਇਕ ਸੰਦ (Tool) ਸਾਬਤ ਹੋਵੇਗਾ। ਇਸੇ ਲਈ ਤਤਕਰਾ ਤਿਆਰ ਕਰਨ ਦੇ ਕਾਰਜ ਨੂੰ ਸਿਆਣਿਆਂ ਨੇ ਖੋਜ-ਖੇਤਰ ਦੀ ਬੜੀ ਜ਼ਰੂਰੀ ਪ੍ਰਾਪਤੀ ਮੰਨਿਆ ਹੈ। ਇਸ ਖੇਤਰ ਦਾ ਇਕ ਵਿਦਵਾਨ ਇਸ ਪਾਸੇ ਕੀਤੀ ਖੋਜ ਨੂੰ ਇਨ੍ਹਾਂ ਸ਼ਬਦਾਂ ਵਿਚ ਚਿਤਾਰਦਾ ਹੈ[6]।

> The research which the indexer carries out may produce much information of value as well as revealing in consistencies,
> (ਤਤਕਰਾ ਤਿਆਰ ਕਰਨ ਵਾਲੇ ਦੀ ਖੋਜ ਤੋਂ ਬੜੀ ਲਾਹੇਵੰਦੀ ਸੂਚਨਾ ਹੀ ਪੈਦਾ ਨਹੀਂ ਹੁੰਦੀ, ਇਸ ਨਾਲ ਬਹੁਤ ਸਾਰੀਆਂ ਆਪਾ-ਵਿਰੋਧੀ ਗੱਲਾਂ ਦਾ ਵੀ ਪਤਾ ਲੱਗ ਜਾਂਦਾ ਹੈ) ।

ਭਾਈ ਸੰਤੋਖ ਸਿੰਘ ਦੇ ਜੀਵਨ ਬਾਰੇ ਕੋਈ ਨਵੀਂ ਗੱਲ ਲੱਭਣ ਦਾ ਮੈਂ ਦਾਅਵਾ ਨਹੀਂ ਕਰ ਸਕਦੀ। ਮੈ ਕੇਵਲ ਇਹ ਕਹਿ ਸਕਦੀ ਹਾਂ ਕਿ ਮੈਂ ਪ੍ਰਾਪਤ ਸਾਮਗ੍ਰੀ ਦੇ ਆਧਾਰ ਉੱਤੇ ਭਾਈ ਸਾਹਿਬ ਦੇ ਜੀਵਨ ਤੇ ਕੰਮ ਬਾਰੇ ਇਕ ਸੰਗਠਿਤ ਤੇ ਭਾਵ-ਪੂਰਤਿ ਚਾਨਣਾ ਪਾਉਣ ਦਾ ਜਤਨ ਕੀਤਾ ਹੈ ਤੇ ਉਨ੍ਹਾਂ ਦੀ ਰਚਨਾ ਨੂੰ ਹਰ ਪੱਖੋਂ ਵਿਚਾਰਨ ਦਾ ਜਤਨ ਕੀਤਾ ਹੈ। ਭਾਈ ਵੀਰ ਸਿੰਘ ਦੇ ਜੀਵਨ ਤੇ ਰਚਨਾ ਬਾਰੇ ਕਈ ਪੁਸਤਕਾਂ ਵਿਚ ਭਰਪੂਰ ਸੁਚਨਾ ਪ੍ਰਾਪਤ ਹੈ, ਇਸ ਲਈ ਓਧਰ ਸਮਾਂ ਲਾਉਣ ਦੀ ਥਾਂ ਉਨ੍ਹਾਂ ਦੀ ਸੰਪਾਦਨ-ਕਲਾ ਦੇ ਮੁਲੰਕਣ ਉੱਤੇ ਆਪਣੇ ਵਿਚਾਰ ਪ੍ਰਗਟਾਉਣ ਦੀ ਕੋਸ਼ਿਸ਼ ਕੀਤੀ ਹੈ। ਮੈ ਇਸ ਨਤੀਜੇ ਉੱਤੇ ਪਹੁੰਚੀ ਹਾਂ ਕਿ ਭਾਈ ਸਾਹਿਬ ਦੀ ਇਸ ਖੇਤਰ ਵਿਚ ਦੇਣ ਜਿੱਥੇ ਬਹੁਤ ਵੱਡੀ ਤੇ ਨਵੀਆਂ ਲੀਹਾਂ ਪਾਉਣ ਵਾਲੀ ਹੈ, ਉੱਥੇ ਵਿਧੀ-ਪੱਖ ਤੋਂ ਉਸ ਵਿਚ ਊਣਤਾਈ ਇਹ ਹੈ ਕਿ ਭਾਈ ਸਾਹਿਬ ਨੇ ਪਾਠਾਂਤਰ ਦਰਜ ਕਰਦਿਆਂ ਆਪਣੇ ਆਧਾਰ-ਗ੍ਰੰਥਾਂ ਬਾਰੇ ਕੋਈ ਸੂਚਨਾ ਨਹੀਂ ਦਿੱਤੀ। ਜੇ ਉਹ ਇਹ ਸੂਚਨਾ ਦੇ ਦੇਂਦੇ ਤਾਂ ਆਉਣ ਵਾਲੇ ਖੋਜਕਾਰ ਵੀ ਇਸ ਤੋਂ ਲਾਭ ਉਠਾ ਸਕਦੇ ਸਨ।

ਬੜੀ ਨਮਰਤਾ ਨਾਲ ਮੈਂ ਇਹ ਕਹਿ ਸਕਦੀ ਹਾਂ ਕਿ ਮੈਂ ਆਪਣਾ ਇਹ ਖੋਜ-ਪ੍ਰਬੰਧ ਤਿਆਰ ਕਰ ਕੇ ਖੋਜ ਦਾ ਉਹ ਨਿਸ਼ਾਨਾ ਪ੍ਰਾਪਤ ਕਰ ਲਿਆ ਹੈ ਜਿਸ ਦੀ ਪ੍ਰਾਪਤੀ ਦੀ ਜ਼ਿੰਮੇਵਾਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਦੇ ਮੁਖੀ, ਹਿਊਮੈਨਿਟੀਜ਼ ਤੇ ਰਿਲਿਜਸ ਸਟਡੀਜ਼ ਦੀ ਫੈਕਲਟੀ ਤੇ ਮੇਰੇ ਨਿਗਰਾਨ ਨੇ ਮੇਰੇ ਉੱਤੇ ਪਾਈ ਸੀ।

---

5. ਇਸ ਸੰਬੰਧ-ਸੂਚਕ ਤਤਕਰੇ ਵਿਚ ਐਂਟਰੀਆਂ ਕਰਨ ਲਈ ਅਪਣਾਈ ਗਈ ਵਿਧੀ ਲਈ ਦੇਖੋ ਮੁੱਢ ਵਿਚ ਦਿੱਤਾ "ਕਾਰਜ ਵਿਧੀ ਤੇ ਸੰਕੇਤਾਵਲੀ" ਵਾਲਾ ਪ੍ਰਕਰਣ।
6. *Index and Indexing* (Emp. Robert L. collison), p. 52.

ਭਾਈ ਸੰਤੋਖ ਸਿੰਘ : ਜੀਵਨ ਤੇ ਸਾਹਿੱਤ

ਲੇਖਕ ਵਜੋਂ ਭਾਈ ਸੰਤੋਖ ਸਿੰਘ ਦੀ ਮਹਾਨਤਾ

ਭਾਈ ਸੰਤੋਖ ਸਿੰਘ ਦੀ ਦੇਣ ਬਾਰੇ ਸ. ਪਿਆਰਾ ਸਿੰਘ ਪਦਮ ਜੀ ਨੇ ਇਕ ਥਾਂ ਲਿਖਿਆ ਹੈ :

> ਸ਼ਾਹਨਾਮੇ ਦੇ 60 ਹਜ਼ਾਰ ਸ਼ੇਅਰ ਦੱਸੀਦੇ ਹਨ, ਪਰੰਤੂ ਭਾਈ ਸੰਤੋਖ ਸਿੰਘ ਦੀ ਰਚਨਾ ਵਿਚ ਸ਼ੇਅਰਾਂ ਦੀ ਥਾਂ 64 ਹਜ਼ਾਰ ਤੋਂ ਉੱਤੇ ਛੰਦ ਹਨ, ਜਿਸ ਦੀਆਂ ਢਾਈ ਲਖ ਦੇ ਲਗਭਗ ਸਤਰਾਂ ਹਨ। ਇਤਨੀ ਵੱਡੀ ਰਚਨਾ ਸੰਸਕ੍ਰਿਤ, ਫ਼ਾਰਸੀ, ਅੰਗਰੇਜ਼ੀ ਤੇ ਹਿੰਦੀ ਆਦਿ ਵਿਚ ਹੋਰ ਨਹੀਂ ਮਿਲਦੀ। ਇਸ ਲਈ ਏਸ ਪੱਖੋਂ ਭਾਈ ਸਾਹਿਬ ਦੀ ਕਲਮੀ ਕਿਰਤ ਦੁਨੀਆਂ ਵਿਚ ਇਕ ਲਾਸਾਨੀ ਦਰਜਾ ਰੱਖਦੀ ਹੈ।

ਪਦਮ ਜੀ ਦੀ ਇਹ ਗੱਲ ਬਹੁਤ ਹਦ ਤਕ ਠੀਕ ਹੈ। ਭਾਈ ਸਾਹਿਬ ਬਾਰੇ ਲਿਖਣ ਵਾਲੇ ਬਹੁਤੇ ਲੇਖਕ ਪਦਮ ਜੀ ਵਾਲੀ ਰਾਏ ਦੇ ਹੀ ਹਨ[2]। ਪਦਮ ਜੀ ਨੇ ਕੇਵਲ ਆਕਾਰ ਦੇ ਆਧਾਰ ਤੇ ਗੱਲ ਕੀਤੀ ਹੈ। ਆਕਾਰ ਤੋਂ ਛੁੱਟ, ਭਾਈ ਸਾਹਿਬ ਵਰਗੇ ਕਵੀ-ਇਤਿਹਾਸਕਾਰ ਦੀ ਰਚਨਾ ਨੂੰ ਪਰਖਣ ਦੇ ਹੋਰ ਵੀ ਆਧਾਰ ਹੁੰਦੇ ਹਨ। ਇਨ੍ਹਾਂ ਵਿੱਚੋਂ ਇਕ ਇਤਿਹਾਸਿਕਤਾ ਦਾ ਆਧਾਰ ਹੈ, ਦੂਜਾ ਸਾਹਿੱਤਿਕਤਾ ਦਾ, ਤੇ ਤੀਜਾ ਭਾਸ਼ਾ ਦਾ। ਜਦੋਂ ਅਸੀਂ ਭਾਈ ਸਾਹਿਬ ਜੀ ਦੀ ਰਚਨਾ ਨੂੰ ਇਨ੍ਹਾਂ ਆਧਾਰਾਂ ਉੱਤੇ ਪਰਖਦੇ ਹਾਂ ਤਾਂ ਸਾਨੂੰ ਉਨ੍ਹਾਂ ਦੀ ਰਚਨਾ ਬਹੁਤ ਉੱਚੇ ਦਰਜੇ ਦੀ ਦਿੱਸ ਆਉਂਦੀ ਹੈ, ਜਿਸ ਕਰਕੇ ਸਾਡਾ ਸਿਰ ਉਨ੍ਹਾਂ ਦੀ ਮਹਾਨਤਾ ਅੱਗੇ ਸਤਿਕਾਰ ਤੇ ਪ੍ਰਸੰਸਾ ਨਾਲ ਝੁਕ ਜਾਂਦਾ ਹੈ। ਕੌਮਾਂ ਦੇ ਸਾਹਿੱਤਿੱਕ ਜੀਵਨ ਵਿਚ ਘੱਟ ਹੀ ਅਜੇਹੇ ਮੌਕੇ ਆਉਂਦੇ ਹਨ ਜਦੋਂ ਕਿਸੇ ਲੇਖਕ ਨੇ ਇੰਨੀ ਉੱਚ ਕੋਟੀ ਦੀ ਰਚਨਾ ਇੰਡੇ ਵੱਡੇ ਆਕਾਰ ਵਿਚ ਕੀਤੀ ਹੋਵੇ। ਅੱਜ ਪੰਜਾਬੀਆਂ ਨੂੰ ਇਸ ਉੱਤੇ ਮਾਣ ਹੈ ਤੇ ਹੋਣਾ ਵੀ ਚਾਹੀਦਾ ਹੈ।

ਭਾਈ ਸਾਹਿਬ ਬਾਰੇ ਅਣਗਹਿਲੀ

ਪਰ ਮੈਨੂੰ ਇਹ ਗੱਲ ਕਹਿਣ ਵਿਚ ਕੋਈ ਝਿਜਕ ਨਹੀਂ ਬਲਕਿ ਦੁੱਖ ਹੈ ਕਿ ਅਸੀਂ ਇਕ ਕੌਮ ਦੇ ਤੌਰ ਤੇ ਭਾਈ ਸੰਤੋਖ ਸਿੰਘ ਵੱਲੋਂ ਬੜੀ ਅਣਗਹਲੀ ਵਰਤਦੇ ਰਹੇ ਹਾਂ। ਵਿਦਵਾਨਾਂ ਦੀ ਕਦਰ ਕਰਨ ਵਾਲੀਆਂ ਕੌਮਾਂ ਆਪਣੇ ਲੇਖਕਾਂ ਨੂੰ ਸਿਰਾਂ ਉੱਤੇ ਚੁੱਕ ਲੈਂਦੀਆਂ ਹਨ ; ਉਨ੍ਹਾਂ ਦੇ ਦਿਨ ਮਨਾਏ ਜਾਂਦੇ ਹਨ ; ਉਨ੍ਹਾਂ ਦੀਆਂ ਯਾਦਗਾਰਾਂ ਕਾਇਮ ਕੀਤੀਆਂ ਜਾਂਦੀਆਂ ਹਨ ਤੇ ਉਨ੍ਹਾਂ ਦੀਆਂ ਲਿਖਤਾਂ ਨੂੰ ਬੜੇ ਆਦਰ ਨਾਲ ਪਰਚਾਰਿਆ ਤੇ ਪ੍ਰਕਾਸ਼ਿਆ ਜਾਂਦਾ ਹੈ। ਪਰੰਤੂ ਇੱਥੇ ਕਹਾਣੀ ਕੁੱਝ ਵੱਖਰੀ ਹੈ। ਜੇ ਇਕ ਸਾਹਿੱਤ-ਰਸੀਆਂ ਭਾਈ ਸਾਹਿਬ ਨੂੰ ਗੁਮਨਾਮੀ ਦੀ ਖੱਡ ਵਿੱਚੋਂ ਕੱਢ ਕੇ ਮੁੜ ਸਿੰਘਾਸਣ ਉੱਤੇ ਨਾ ਬਿਠਾਉਂਦਾ ਤਾਂ ਹੁਣ ਤਕ ਭਾਈ ਸੰਤੋਖ ਸਿੰਘ ਨੂੰ ਸਾਡੇ ਲੋਕਾਂ ਨੇ ਭੁੱਲ-ਭੁਲਾ ਹੀ ਜਾਣਾ ਸੀ। ਮੇਰਾ ਇਸ਼ਾਰਾ ਪਦਮਭੂਸ਼ਣ ਭਾਈ ਸਾਹਿਬ ਭਾਈ ਵੀਰ ਸਿੰਘ ਵੱਲ ਹੈ, ਜਿਨ੍ਹਾਂ ਨੇ ਭਾਈ ਸਾਹਿਬ ਦੀ ਘਾਲ ਤੇ ਮਹਾਨਤਾ ਨੂੰ ਬੜੇ ਵਿਦਵਤਾ- ਭਰੇ ਢੰਗ ਨਾਲ ਪੰਜਾਬੀ ਜਗਤ ਦੇ ਸਾਮ੍ਹਣੇ ਲਿਆਂਦਾ।

ਬੋਲੀ ਦੇ ਪੱਖ ਤੋਂ ਭਾਈ ਸੰਤੋਖ ਸਿੰਘ ਦਾ ਅਸਲ ਸਥਾਨ ਹਿੰਦੀ ਵਿਚ, ਖ਼ਾਸ ਕਰਕੇ ਬ੍ਰਜ ਭਾਸ਼ਾ ਵਿਚ ਹੈ, ਪਰ ਬ੍ਰਜ ਵਾਲੇ ਇਨ੍ਹਾਂ ਦੇ ਮਹਾਨ ਕੰਮ ਤੋਂ ਪਿੱਛੇ ਜਿਹੇ ਤਕ ਤਕਰੀਬਨ ਅਨਜਾਣ ਹੀ ਸਨ। ਬਹੁਤੇ ਤਾਂ ਸ਼ਾਇਦ ਨਾਂ ਤੋਂ ਵੀ ਕੋਰੇ ਸਨ। ਅਚਾਨਕ ਪੰਜਾਬ ਦੇ ਇਕ ਕਦਰਦਾਨ ਨੇ ਉਨ੍ਹਾਂ ਦੀ ਹਿੰਦੀ ਜਗਤ ਨਾਲ

---

1. *ਮਹਾ ਕਵੀ ਸੰਤੋਖ ਸਿੰਘ*, ਪੰਨਾ 68, ਸਾਲ 1964.
2. ਦੇਖੋ, ਖ਼ਜ਼ਾਨ ਸਿੰਘ, ਗਿਆਨੀ, *ਜੀਵਨ ਕਥਾ*, ਪੰਨਾ 38 ; ਰਣਜੀਤ ਸਿੰਘ ਖੜਗ, "ਕਵੀ ਸੰਤੋਖ ਸਿੰਘ ਦੀ ਮਹਾਨ ਸ਼ਖ਼ਸੀਅਤ", *ਉਹੀ*, ਪੰਨਾ 58-59 ; ਕਰਤਾਰ ਸਿੰਘ ਇੰਜੀਨੀਅਰ, *ਮਹਾ ਕਵੀ ਭਾਈ ਸੰਤੋਖ ਸਿੰਘ ਜੀ*, ਪੰਨਾ 6.

ਵਾਕਫ਼ੀ ਕਰਾਉਣੀ ਸ਼ੁਰੂ ਕਰ ਦਿੱਤੀ। ਇਹ ਕਦਰਦਾਨ ਹਨ ਡਾ. ਜਯ ਭਗਵਾਨ ਗੋਯਲ। ਭਾਈ ਵੀਰ ਸਿੰਘ ਤੋਂ ਉਤਰ ਕੇ ਇਹ ਪਹਿਲੇ ਸ਼ਕਤੀਸ਼ਾਲੀ ਲੇਖਕ ਹਨ ਜਿਨ੍ਹਾਂ ਨੇ ਭਾਈ ਸੰਤੋਖ ਸਿੰਘ ਉੱਤੇ ਆਪ ਭਰਪੂਰ ਕੰਮ ਕੀਤਾ ਹੈ ਤੇ ਦੂਜਿਆਂ ਪਾਸੋਂ ਕਰਵਾਇਆ ਹੈ। ਇਨ੍ਹਾਂ ਦੇ ਉੱਦਮ ਸਦਕਾ ਅੱਜ ਭਾਈ ਸਾਹਿਬ ਦੀ ਮਾਨਤਾ ਕੇਵਲ ਪੰਜਾਬੀ-ਦੁਨੀਆਂ ਵਿਚ ਹੀ ਨਹੀਂ, ਸਗੋਂ ਹਿੰਦੀ ਦੀ ਦੁਨੀਆਂ ਵਿਚ ਵੀ ਬਣ ਗਈ ਹੈ।

ਉਪਰੋਕਤ ਗੋਯਲ ਸਾਹਿਬ ਭਾਈ ਸਾਹਿਬ ਦੀ ਰਚਨਾ ਤੋਂ ਅਜੇਹੇ ਪ੍ਰਭਾਵਿਤ ਹਨ ਕਿ ਪਹਿਲਾਂ ਉਨ੍ਹਾਂ *ਗੁਰਪ੍ਰਤਾਪ ਸੂਰਜ* ਨੂੰ ਆਪਣੀ ਪੀ. ਐਚ. ਡੀ. ਦੀ ਖੋਜ ਦਾ ਵਿਸ਼ਾ ਬਣਾਇਆ ਤੇ ਫੇਰ, ਡਿਗਰੀ ਲੈਣ ਤੋਂ ਪਿੱਛੋਂ, ਭਾਈ ਸੰਤੋਖ ਸਿੰਘ ਦੀ ਹਿੰਦੀ ਜਗਤ ਨਾਲ ਜਾਣ-ਪਛਾਣ ਕਰਾਉਣਾ ਆਪਣਾ ਧਰਮ ਬਣਾ ਲਿਆ। ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਨੂੰ ਵੀ ਭਾਈ ਸਾਹਿਬ ਉੱਪਰ ਕੰਮ ਕਰਨ ਲਈ ਪ੍ਰੇਰਿਆ ਹੈ। ਉਨ੍ਹਾਂ ਦੇ ਇਕ ਵਿਦਿਆਰਥੀ ਪ੍ਰੋ. ਆਸ਼ਾ ਨੰਦ ਵੋਹਰਾ ਨੇ, ਪਿੱਛੇ ਜਿਹੇ ਹੀ, ਭਾਈ ਸੰਤੋਖ ਸਿੰਘ ਉੱਪਰ *ਗੁਰਪ੍ਰਤਾਪ ਸੂਰਜ ਕਾ ਐਤਿਹਾਸਿਕ ਏਵੰ ਸਾਂਸਕ੍ਰਿਤਿਕ ਅਧਯਨ* ਵਿਸ਼ੇ ਉੱਤੇ ਥੀਸਿਸ ਲਿਖ ਕੇ ਪੀ-ਐਚ.ਡੀ. ਦੀ ਡਿਗਰੀ ਲਈ ਹੈ।

ਭਾਈ ਸਾਹਿਬ ਉੱਤੇ ਹੋਇਆ ਕੰਮ

ਭਾਈ ਸੰਤੋਖ ਸਿੰਘ ਉੱਤੇ ਹੋਏ ਪਿਛਲੇ ਕੰਮ ਦਾ ਅਨੁਮਾਨ ਲਾਉਣ ਦਾ ਜਤਨ ਕੀਤਾ ਜਾਵੇ ਤਾਂ ਸਪਸ਼ਟ ਦਿੱਸ ਪੈਂਦਾ ਹੈ ਕਿ ਭਾਵੇਂ ਭਾਈ ਸੰਤੋਖ ਸਿੰਘ ਦੇ ਰਚੇ ਗ੍ਰੰਥ, *ਗੁਰਪ੍ਰਤਾਪ ਸੂਰਜ* ਦੀ ਕਥਾ ਗੁਰਦੁਆਰਿਆਂ ਵਿਚ ਆਮ ਹੁੰਦੀ ਸੀ ਤੇ ਪ੍ਰਸਿੱਧ ਡੇਰਿਆਂ ਵਿਚ ਇਸ ਦੀ ਪੜ੍ਹਾਈ ਵੀ ਕਰਾਈ ਜਾਂਦੀ ਸੀ, ਫੇਰ ਵੀ ਭਾਈ ਸੰਤੋਖ ਸਿੰਘ ਦੇ ਗ੍ਰੰਥ ਬਾਰੇ ਜਾਂ ਉਨ੍ਹਾਂ ਦੇ ਜੀਵਨ ਬਾਰੇ ਵੀਹਵੀਂ ਸਦੀ ਦੇ ਦੂਜੇ ਦਹਾਕੇ ਤੱਕ ਬਹੁਤ ਘੱਟ ਮਾਤਰਾ ਵਿਚ ਕੁੱਝ ਲਿਖਿਆ ਗਿਆ। ਜੋ ਕੁੱਝ ਲਿਖਿਆ ਗਿਆ, ਉਹ ਉਨ੍ਹਾਂ ਦੀ ਲਿਖਤ ਦਾ ਹੀ ਸੰਖਿਪਤ ਜਾਂ ਬਦਲਿਆ ਹੋਇਆ ਰੂਪ ਸੀ। ਬਹੁਤ ਕਰਕੇ, ਇਹ ਕੰਮ ਉਨ੍ਹਾਂ ਦੇ ਗ੍ਰੰਥ ਨੂੰ ਛਾਪਣ ਤੱਕ ਹੀ ਸੀਮਿਤ ਰਿਹਾ। ਕਵੀ ਜੀ ਦੇ ਦੇਹਾਂਤ (1844 ਈ.) ਤੋਂ ਲੈ ਕੇ ਅੱਜ ਤਕ ਜੋ ਸਾਹਿੱਤ ਪੈਦਾ ਹੋਇਆ ਹੈ, ਉਸ ਨੂੰ ਅਸੀਂ, ਹੇਠ ਲਿਖੇ ਚਾਰ ਵਰਗਾਂ ਵਿਚ ਵੰਡ ਸਕਦੇ ਹਾਂ :

ਪਹਿਲਾ ਵਰਗ ਉਨ੍ਹਾਂ ਪੁਸਤਕਾਂ ਦਾ ਹੈ, ਜਿਨ੍ਹਾਂ ਵਿਚ *ਨਾਨਕ ਪ੍ਰਕਾਸ਼ ਤੇ ਸੂਰਜ ਪ੍ਰਕਾਸ਼* ਦੇ ਕੁੱਝ ਖੰਡ ਜਾਂ ਸਮੁੱਚਾ ਪਾਠ, ਪਰਿਆਵਾਂ ਸਮੇਤ ਜਾਂ ਪਰਿਆਵਾਂ ਤੋਂ ਬਿਨਾਂ, ਦਿੱਤਾ ਹੋਇਆ ਹੈ। ਇਸ ਵਰਗ ਵਿਚ ਹੇਠ-ਲਿਖੀਆਂ ਪੁਸਤਕਾਂ ਦੇ ਸਮੇਂ ਸਮੇਂ ਸਿਰ ਛਪਣ ਦਾ ਪਤਾ ਲਗਦਾ ਹੈ :

1. *ਸ੍ਰੀ ਗ੍ਰੰਥ ਗੁਰੂ ਪ੍ਰਤਾਪ ਸੂਰਜ*, ਆਫ਼ਤਾਬਿ ਪੰਜਾਬ ਪ੍ਰੈਸ, 1883-84, ਪੰਨੇ ਲਗਭਗ 3000.
2. *ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੇ ਮੰਗਲ ਸਟੀਕ* (ਟੀਕਾਕਾਰ : ਧਿਆਨ ਸਿੰਘ), ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1911, ਪੰਨੇ 79.
3. *ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੇ ਮੰਗਲ ਸਟੀਕ* (ਟੀਕਾਕਾਰ, ਬਿਸ਼ਨ ਸਿੰਘ ਗਿਆਨੀ), ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1911, ਪੰਨੇ 76.
4. *ਸਮਸਤ ਮੰਗਲ ਸਟੀਕ ਸ੍ਰੀ ਗੁਰੂ ਨਾਨਕ ਪ੍ਰਕਾਸ਼* (ਟੀਕਾਕਾਰ : ਸੰਤ ਸੰਤ ਸਿੰਘ) ਅਕਾਲ ਟ੍ਰੇਡਿੰਗ ਪ੍ਰੈਸ, ਤਰਨ ਤਾਰਨ, 1923-24, ਦੋ ਭਾਗ, ਪੰਨੇ ਕ੍ਰਮਵਾਰ 584 ਅਤੇ 404.
5. *ਸੂਰਜ ਪ੍ਰਕਾਸ਼ ਦੇ ਸਮਸਤ ਮੰਗਲ ਸਟੀਕ*,(ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ), ਅੰਮ੍ਰਿਤਸਰ, ਮਿਤੀ-ਹੀਨ, ਪੰਨੇ 158.
6. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ*, ਸ੍ਰੀ ਮਾਨ ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੇ ਆਧਾਰ ਪਰ ਸਭ ਤੋਂ ਵੱਡਾ ਸੂਰਜ ਪ੍ਰਕਾਸ਼ ਪਦ-ਛੇਦ ਤੇ ਕੋਸ਼ ਸਮੇਤ, ਭਾਈ ਜਵਾਹਰ ਸਿੰਘ ਕਿਰਪਾਲ ਸਿੰਘ, ਅੰਮ੍ਰਿਤਸਰ, ਮਿਤੀ-ਹੀਨ, ਸਫ਼ੇ 468.
7. *ਸ੍ਰੀ ਨਾਨਕ ਪ੍ਰਕਾਸ਼ ਦਾ ਸੰਖੇਪ, ਪ੍ਰਯਾਯ ਸਮੇਤ* (ਕਰਤਾ : ਪ੍ਰੋ. ਸਾਹਿਬ ਸਿੰਘ), ਕਾਰੋਨੇਸ਼ਨ ਬੁਕ ਡਿਪੋ, ਅੰਮ੍ਰਿਤਸਰ, ਮਿਤੀਹੀਨ, ਪੰਨੇ 334.

ਦੂਜਾ ਵਰਗ ਉਨ੍ਹਾਂ ਪੁਸਤਕਾਂ ਦਾ ਹੈ ਜਿਨ੍ਹਾਂ ਵਿਚ *ਸੂਰਜ ਪ੍ਰਕਾਸ਼* ਦਾ ਸਾਰ ਦੇ ਕੇ ਜਾਂ ਉਸ ਨੂੰ ਆਧਾਰ ਬਣਾ ਕੇ, ਗੁਰੂ-ਇਤਿਹਾਸ ਪ੍ਰਸਤੁਤ ਕੀਤਾ ਗਿਆ ਹੈ। ਇਸ ਵਰਗ ਵਿੱਚੋਂ ਸਾਨੂੰ ਹੇਠ-ਲਿਖੀਆਂ ਪੁਸਤਕਾਂ ਦੇ ਰਚੇ ਜਾਣ ਦੀ ਟੋਹ ਮਿਲੀ ਹੈ :

1. *ਤਵਾਰੀਖ਼ ਗੁਰੂ ਖਾਲਸਾ ਅਰਥਾਤ ਸੰਖੇਪ ਵਾਰਤਕ ਸੂਰਜ ਪ੍ਰਕਾਸ਼* (ਕ੍ਰਿਤ ਇੰਦਰ ਸਿੰਘ), ਭਾਈ ਬੂਟਾ ਸਿੰਘ ਪ੍ਰਤਾਪ ਸਿੰਘ, ਅੰਮ੍ਰਿਤਸਰ, ਮਿਤੀ -ਹੀਨ, ਪੰਨੇ 200.
2. *ਜੀਵਨ ਬਿਰਤਾਂਤ ਦਸ ਗੁਰੂ ਸਾਹਿਬਾਨ ਯਾਅਨੀ ਤਾਰੀਖ਼ਿ* ਗੁਰੂ ਖ਼ਾਲਸਾ ਮੁਤਾਬਿਕ ਸੂਰਜ ਪ੍ਰਕਾਸ਼ (ਉਰਦੂ), ਪੰਜਾਬੀ ਪੁਸਤਕ ਭੰਡਾਰ, ਦਿੱਲੀ, ਮਿਤੀ - ਹੀਨ, ਪੰਨੇ 400.
3. *ਸਤਿਗੁਰੂ ਨਾਨਕ ਚਮਤਕਾਰ ਸੂਰਜ ਪ੍ਰਤਾਪ, ਰਾਸ ਪਹਿਲੀ; ਨਾਨਕ ਪ੍ਰਕਾਸ਼* ਦੇ ਪੂਰਬਾਰਧ ਤੇ ਉਤਰਾਰਧ ਦਾ ਵਾਰਤਕ ਟੀਕਾ, ਮੁਕੰਮਲ ਤਵਾਰੀਖ ਗੁਰੂ ਖਾਲਸਾ (ਟੀਕਾਕਾਰ : ਸੋਢੀ ਤੇਜਾ ਸਿੰਘ) ਭਾਈ ਚਤਰ ਸਿੰਘ ਜੀਵਣ ਸਿੰਘ, ਅੰਮ੍ਰਿਤਸਰ, 3 ਭਾਗ, ਮਿਤੀ-ਹੀਨ।
4. *ਭਾਈ ਸਾਹਿਬ ਭਾਈ ਸੰਤੋਖ ਸਿੰਘ ਰਚਿਤ ਸੂਰਜ ਪ੍ਰਕਾਸ਼ ਦਾ ਸੰਖੇਪ ਵਾਰਤਕ ਟੀਕਾ* ਅਰਥਾਤ ਤਵਾਰੀਖ਼ ਗੁਰੂ ਖ਼ਾਲਸਾ, ਮੁਕੰਮਲ ਜੀਵਨ ਦਸ ਗੁਰੂ ਸਾਹਿਬਾਨ, ਭਾਈ ਕਿਰਪਾਲ ਸਿੰਘ ਬਲਬੀਰ ਸਿੰਘ, ਅੰਮ੍ਰਿਤਸਰ, ਮਿਤੀ-ਹੀਨ, ਪੰਨੇ 320.
5. *ਸ੍ਰੀ ਨਾਨਕ ਪ੍ਰਕਾਸ਼ ਸੰਖੇਪ ਪ੍ਰਿਯਾਯ ਸਮੇਤ* (ਕਰਤਾ : ਬਲਦੇਵ ਸਿੰਘ ਲੂਥਰ), ਦਯਾਨੰਦ ਪ੍ਰੈਸ, ਲਾਹੌਰ, 1934, ਪੰਨੇ 167.
6. *ਵ੍ਰਾਰਤਕ ਸ੍ਰੀ ਨਾਨਕ ਪ੍ਰਕਾਸ਼* (ਕ੍ਰਿਤ ਰਣਜੋਧ ਸਿੰਘ), ਭਾਈ ਰਲਾ ਸਿੰਘ ਐਂਡ ਸਨਜ਼, ਤਰਨ ਤਾਰਨ, 1941, ਪੰਨੇ 508.
7. *ਵਾਰਤਕ ਸੂਰਜ ਪ੍ਰਕਾਸ਼ : ਜੀਵਨ ਬ੍ਰਿਤਾਂਤ ਦਸੇ ਪਾਤਸ਼ਾਹੀਆਂ*, (ਕ੍ਰਿਤ ਗਿਆਨ ਸਿੰਘ ਗਿਆਨੀ), ਇਤਿਹਾਸ ਗੁਰੂ ਖ਼ਾਲਸਾ, ਅਰਥਾਤ ਪੂਰੀ ਖ਼ਾਲਸਾ ਤਵਾਰੀਖ਼, ਭਾਈ ਬੂਟਾ ਸਿੰਘ ਪ੍ਰਤਾਪ ਸਿੰਘ, ਅੰਮ੍ਰਿਤਸਰ, 1946, ਪੰਨੇ 464.

ਤੀਜੇ ਵਰਗ ਵਿਚ ਕੁੱਝ ਅਜੇਹੀਆਂ ਪੁਸਤਕਾਂ ਆਉਂਦੀਆਂ ਹਨ ਜਿਨ੍ਹਾਂ ਵਿਚ ਕਵੀ ਦੀ ਲਿਖਤ ਤੇ ਉਸ ਦੇ ਜੀਵਨ ਬਾਰੇ ਕੁੱਝ ਕਹਿਣ ਦਾ ਜਤਨ ਕੀਤਾ ਗਿਆ ਹੈ। ਇਨ੍ਹਾਂ ਪੁਸਤਕਾਂ ਦੀ ਸੂਚੀ ਇਸ ਪ੍ਰਕਾਰ ਹੈ :

1. *ਸ੍ਰੀ ਮਾਨ ਭਾਈ ਸੰਤੋਖ ਸਿੰਘ ਜੀ ਰਹਿਤ ਸੂਰਜ ਪ੍ਰਕਾਸ਼ ਦੇ ਗਪੋੜੇ* (ਕ੍ਰਿਤ ਲਾਲ ਸਿੰਘ), ਪੰਚ ਖੰਡ, ਭਸੌੜ, ਰਿਆਸਤ ਪਟਿਆਲਾ, ਪੰਚ ਖਾਲਸਾ ਦੀਵਾਨ, ਮਿਤੀ -ਹੀਨ, ਪੰਨੇ 43.
2. *ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥਾਵਲੀ* (ਟੀਕਾਕਾਰ : ਭਾਈ ਵੀਰ ਸਿੰਘ), ਖਾਲਸਾ ਸਮਾਚਾਰ, ਅੰਮ੍ਰਿਤਸਰ, ਪਹਿਲੀ ਵਾਰ 1927, ਚੋਥੀ ਛਾਪ 1964, 14 ਜਿਲਦਾਂ, ਪੰਨੇ 6672.
3. *ਮਹਾ ਕਵੀ ਸੰਤੋਖ ਸਿੰਘ* (ਕ੍ਰਿਤ ਪਿਆਰਾ ਸਿੰਘ ਪਦਮ), ਸਰਦਾਰ ਸਾਹਿਤ ਭਵਨ, ਪਟਿਆਲਾ, ਪਹਿਲੀ ਵਾਰ, 1954, ਪੰਨੇ 84.
4. *ਮਹਾ ਕਵੀ ਭਾਈ ਸੰਤੋਖ ਸਿੰਘ ਜੀ* (ਕ੍ਰਿਤ ਕਰਤਾਰ ਸਿੰਘ ਇੰਜੀਨੀਅਰ), ਦੀ ਕੀਨੀਆਂ ਕਸ਼ੱਤਰੀ (ਟਾਂਕ) ਸੋਸਾਇਟੀ, ਨੈਰੋਬੀ, ਕੀਨੀਆਂ (ਪੂਰਬੀ ਅਫ਼ਰੀਕਾ), 1973, ਪੰਨੇ 72.
5. *ਜੀਵਨ ਕਥਾ ਚੂੜਾਮਣਿ ਕਵਿ ਭਾਈ ਸੰਤੋਖ ਸਿੰਘ ਜੀ* (ਸੰਪਾ. ਖਜ਼ਾਨ ਸਿੰਘ, ਗਿਆਨੀ), ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ, ਪਹਾੜ ਗੰਜ, ਨਵੀਂ ਦਿੱਲੀ, ਮਿਤੀ-ਹੀਨ, ਪੰਨੇ 132.

ਚੌਥੇ ਵਰਗ ਵਿਚ ਉਹ ਰਚਨਾਵਾਂ ਹਨ ਜੋ ਯੂਨੀਵਰਸਿਟੀ ਦੇ ਖੋਜ-ਕਾਰਜਾਂ ਅਧੀਨ ਪਿੱਛੇ ਜਿਹੇ ਹੀ ਨਿਕਲੀਆਂ ਹਨ ਤੇ ਜਿਨ੍ਹਾਂ ਦੇ ਮੋਹਰੀ ਡਾ. ਜਯ ਭਗਵਾਨ ਗੋਯਲ, ਪ੍ਰੋਫੈਸਰ ਮੁਖੀ ਇਨ ਹਿੰਦੀ, ਕੁਰੁਕਸ਼ੇਤ੍ਰ ਯੂਨੀਵਰਸਿਟੀ ਕੁਰੁਕਸ਼ੇਤ੍ਰ ਤੋਂ ਸੇਵਾ ਮੁਕਤ ਹੋ ਚੁਕੇ ਹਨ। ਜਿਵੇਂ ਕਿ ਮੈਂ ਉਪਰ ਦੱਸ ਆਈ ਹਾਂ ਇਨ੍ਹਾਂ ਦੇ ਉੱਦਮ ਨਾਲ ਕੁੱਝ ਵਧੀਆਂ ਪੁਸਤਕਾਂ ਇਸ ਮਹਾਨ ਕਵੀ ਬਾਰੇ ਸਾਡੇ ਸਾਮ੍ਹਣੇ ਆਈਆਂ ਹਨ। ਇਨ੍ਹਾਂ ਵਿੱਚੋਂ ਕੁੱਝ ਵਰਣਨ ਯੋਗ ਇਹ ਹਨ :

1. *ਗੁਰੂ ਪ੍ਰਤਾਪ ਸੂਰਜ ਕੇ ਕਾਵਯ ਪ੍ਰਕਾਸ਼ ਕਾ ਅਧਯਯਨ* (ਹਿੰਦੀ) (ਡਾ. ਜਯ ਭਗਵਾਨ ਗੋਯਲ), ਕੁਰੁਕਸ਼ੇਤ੍ਰ ਯੂਨੀਵਰਸਿਟੀ, 1966, ਪੰਨੇ 312.
2. *ਗੁਰਮੁਖੀ ਲਿਪਿ ਮੇਂ ਹਿੰਦੀ ਸਾਹਿਤਯ* (ਡਾ. ਜਯ ਭਗਵਾਨ ਗੋਯਲ), ਹਿੰਦੀ ਸਾਹਿਤਯ ਸੰਸਾਰ, ਦਿੱਲੀ, 1970, ਪੰਨੇ 404.
3. *ਸੰਕਸ਼ਿਪਤ ਗੁਰੂ ਪ੍ਰਤਾਪ ਸੂਰਜ; ਦੇਵ੍ਨਾਗਰੀ* (ਰੂਪਾਂਤਰਣ ਕਰਤਾ : ਡਾ. ਜਯ ਭਗਵਾਨ ਗੋਯਲ), ਪੰਜਾਬ ਯੂਨੀਵਰਸਿਟੀ, ਪਟਿਆਲਾ, 1972, ਪੰਨੇ 242.

4. *ਗੁਰੂ ਨਾਨਕ ਪ੍ਰਕਾਸ਼, ਦੇਵਨਾਗਰੀ* (ਰੂਪਾਂਤਰਣ ਕਰਤਾ : ਜਯ ਭਗਵਾਨ ਗੋਯਲ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਦੋ ਭਾਗ, 1972, ਪੰਨੇ ਕ੍ਰਮਵਾਰ 683, ਅਤੇ 463.

ਇਨ੍ਹਾਂ ਚਹੁਆਂ ਵਰਗਾਂ ਵਿੱਚੋਂ ਸਾਡੇ ਇਸ ਅਧਿਐਨ ਲਈ ਜਿਹੜਾ ਸਭ ਤੋਂ ਵਧ ਸਹਾਇਕ ਹੋਇਆ ਹੈ, ਉਹ ਤੀਜਾ ਅਤੇ ਕਿਸੇ ਹੱਦ ਤਕ ਚੌਥਾ ਹੈ। ਪਹਿਲੇ ਵਰਗ ਵਿਚ ਗਿਣਾਈਆਂ ਗਈਆਂ ਪੁਸਤਕਾਂ ਕੇਵਲ ਮੂਲ ਪਾਠ, ਥੋੜੇ ਬਹੁਤ ਪਰਿਆਵਾਂ ਨਾਲ, ਦੇਂਦੀਆਂ ਹਨ। ਇਸ ਵਰਗ ਦੀਆਂ ਪੁਸਤਕਾਂ ਦਾ ਲਾਭ ਖੋਜ ਦੇ ਪੱਖ ਤੋਂ ਕੇਵਲ ਉਨ੍ਹਾਂ ਖੋਜਕਾਰਾਂ ਨੂੰ ਹੀ ਹੋ ਸਕਦਾ ਹੈ ਜਿਨ੍ਹਾਂ ਨੇ *ਸੂਰਜ ਪ੍ਰਕਾਸ਼* ਦੇ ਮੂਲ-ਪਾਠ ਦਾ ਅਧਿਐਨ ਕਰਨਾ ਹੋਵੇ।

ਦੂਜਾ ਵਰਗ, ਜਿਸ ਵਿਚ ਇਸ ਗ੍ਰੰਥ ਦੇ ਪ੍ਰਸੰਗ ਸਰਲ ਜੇਹੀ ਵਾਰਤਕ ਵਿਚ ਦਿੱਤੇ ਗਏ ਹਨ, ਬ੍ਰਜ ਭਾਸ਼ਾ ਤੋਂ ਅਨਜਾਣ ਲੋਕਾਂ ਦੀ ਗੁਰ-ਇਤਿਹਾਸ ਜਾਣਨ ਦੀ ਭੁੱਖ ਦੂਰ ਕਰਨ ਦੇ ਚਾਹਵਾਨਾਂ ਲਈ ਲਾਭਕਾਰੀ ਹੈ। ਅਸਲ ਵਿਚ ਇਹ ਸਾਹਿੱਤ, ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਪੈਦਾ ਵੀ ਓਦੋਂ ਹੋਇਆ ਜਦੋਂ ਵੀਹਵੀਂ ਸਦੀ ਦੇ ਸ਼ੁਰੂ ਵਿਚ ਸਿੱਖ ਜਗਤ ਵਿਚ ਸਿੱਖ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਬੜੀ ਤਿੱਖੀ ਇੱਛਾ ਜਾਗੀ ਸੀ। ਭਾਈ ਸਾਹਿਬ ਦੀ ਲਿਖਤ ਦੇ ਗੁਣਾਂ-ਔਗਣਾਂ ਨਾਲ ਡੂੰਘੀ ਜਾਣਕਾਰੀ ਪੈਦਾ ਕਰਨ ਲਈ ਇਹ ਵਰਗ ਕੋਈ ਬਹੁਤੀ ਸਹਾਇਤਾ ਨਹੀਂ ਕਰਦਾ।

ਤੀਜਾ ਵਰਗ ਭਾਈ ਸੰਤੋਖ ਸਿੰਘ ਦੀ ਰਚਨਾ, ਜੀਵਨ ਅਤੇ ਪ੍ਰਾਪਤੀ ਬਾਰੇ ਭਰਪੂਰ ਜਾਣਕਾਰੀ ਦੇਂਦਾ ਹੈ। ਇਸ ਵਰਗ ਦੀ ਇਕ ਰਚਨਾ ਭਸੌੜ-ਵਾਸੀ ਲਾਲ ਸਿੰਘ ਜੀ ਦੀ ਹੈ, ਜਿਸ ਵਿਚ ਲੇਖਕ ਨੇ ਭਾਈ ਸਾਹਿਬ ਦੀਆਂ ਗੁਰਮਤਿ-ਵਿਰੋਧੀ ਗੱਲਾਂ ਉੱਤੇ ਕਿੰਤੂ ਕੀਤੇ ਹਨ। ਪ੍ਰਸਿੱਧ ਵਿਦਵਾਨ ਡਾ. ਭਾਈ ਵੀਰ ਸਿੰਘ ਦੀ ਮਹਾਨ *ਗ੍ਰੰਥਾਵਲੀ* ਵੀ ਇਸੇ ਵਰਗ ਵਿਚ ਆਉਂਦੀ ਹੈ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ

ਭਾਈ ਵੀਰ ਸਿੰਘ ਦੁਆਰਾ ਤਿਆਰ ਕੀਤੀ *ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥਾਵਲੀ*, ਜੋ ਸਾਡੇ ਇਸ ਅਧਿਐਨ ਦਾ ਮੂਲ ਆਧਾਰ ਹੈ, ਨਿਸ਼ਚੇ ਹੀ, ਖੋਜ, ਮਿਹਨਤ ਤੇ ਵਿਦਵਤਾ ਦਾ ਅਦੁੱਤੀ ਨਮੂਨਾ ਹੈ। ਭਾਈ ਵੀਰ ਸਿੰਘ ਜੀ ਨੇ *ਸੂਰਜ ਪ੍ਰਕਾਸ਼* ਦੇ ਪਾਠ ਦੀਆਂ ਗੁੰਝਲਾਂ ਹੀ ਨਹੀਂ ਖੋਲ੍ਹੀਆਂ, ਥਾਂ-ਪਰ-ਥਾਂ ਛੋਟੀਆਂ ਤੇ ਬਹੁਤ ਵੱਡੀਆਂ ਟਿੱਪਣੀਆਂ ਵੀ ਦਿੱਤੀਆਂ ਹਨ, ਇਕ ਪੂਰੀ ਜਿਲਦ ਵਿਚ ਭਾਈ ਸਾਹਿਬ ਦੇ ਜੀਵਨ ਤੇ ਰਚਨਾ ਬਾਰੇ ਭਰਪੂਰ ਤੇ ਅੰਤਿਮ ਵਾਕਫ਼ੀਅਤ ਦਿੱਤੀ ਹੈ। ਇਸ ਤਰ੍ਹਾਂ ਭਾਈ ਸਾਹਿਬ ਦੀ ਇਹ ਰਚਨਾ ਬੜੀ ਮਹਾਨ ਹੈ। ਇਸ ਨਾਲ ਭਾਈ ਵੀਰ ਸਿੰਘ ਨੇ ਭਾਈ ਸੰਤੋਖ ਸਿੰਘ ਨੂੰ ਇਕ ਪ੍ਰਕਾਰ ਨਾਲ ਨਵੇਂ-ਸਿਰਿਓਂ ਜੀਉਂਦਾ ਕਰ ਦਿੱਤਾ ਹੈ। ਪੰਜਾਬੀ ਸਾਹਿੱਤਿਕ ਜਗਤ ਇਸ ਮਹਾਨ ਕੰਮ ਲਈ ਭਾਈ ਸਾਹਿਬ ਦਾ ਸਦਾ ਰਿਣੀ ਰਹੇਗਾ। ਇਸ ਬਾਰੇ ਮੈਂ ਅੱਗੇ ਚੱਲ ਕੇ ਫੇਰ ਚਰਚਾ ਕਰਾਂਗੀ।

ਇਸ ਵਰਗ ਵਿਚ ਆਈਆਂ ਪਿਆਰਾ ਸਿੰਘ ਪਦਮ ਤੇ ਕਰਤਾਰ ਸਿੰਘ ਇੰਜੀਨੀਅਰ ਦੀਆਂ ਪੁਸਤਕਾਂ ਆਕਾਰ ਵਿਚ ਬਹੁਤ ਛੋਟੀਆਂ ਹਨ। ਅਸਲ ਵਿਚ ਇਹ ਭਾਈ ਸੰਤੋਖ ਸਿੰਘ ਦੀ ਯਾਦ ਵਿਚ ਲਿਖੇ ਟ੍ਰੈਕਟ ਹੀ ਸਮਝਣੇ ਚਾਹੀਦੇ ਹਨ, ਜੋ ਵੱਖ ਵੱਖ ਸਮਿਆਂ ਉੱਤੇ ਭਾਈ ਸਾਹਿਬ ਦੇ ਸ਼ਰਧਾਲੂਆਂ ਵਿਚ ਵੰਡਣ ਲਈ ਰਚੇ ਗਏ ਪ੍ਰਤੀਤ ਹੁੰਦੇ ਹਨ। ਇਨ੍ਹਾਂ ਦੀ ਬਹੁਤੀ ਸਾਮਗ੍ਰੀ ਡਾ. ਭਾਈ ਵੀਰ ਸਿੰਘ ਦੀ ਖੋਜ ਤੋਂ ਹੀ ਲਈ ਹੋਈ ਹੈ। ਇਸ ਲਈ ਭਾਈ ਸਾਹਿਬ ਦੇ ਗੰਭੀਰ ਅਧਿਐਨ ਲਈ ਇਨ੍ਹਾਂ ਨੂੰ ਅੱਖੋਂ ਉਹਲੇ ਕੀਤਾ ਜਾ ਸਕਦਾ ਹੈ।

ਇਸ ਵਰਗ ਦੀ ਚੌਥੀ ਪੁਸਤਕ *ਜੀਵਨ ਕਥਾ ਚੂੜਾਮਣਿ ਕਵਿ ਭਾਈ ਸੰਤੋਖ ਸਿੰਘ ਜੀ*, ਮਹਾਂਕਵੀ ਭਾਈ ਸੰਤੋਖ ਸਿੰਘ ਯਾਦਗਾਰੀ ਕਮੇਟੀ ਦੇ ਪ੍ਰਧਾਨ ਗਿਆਨੀ ਖ਼ਜ਼ਾਨ ਸਿੰਘ ਵੱਲੋਂ ਛਪੀ ਹੈ। ਇਨ੍ਹਾਂ ਦੇ ਉੱਦਮ ਨਾਲ ਨਾ ਕੇਵਲ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਦੀ ਯਾਦਗਾਰ ਉਨ੍ਹਾਂ ਦੇ ਪਿੰਡ ਨੂਰਦੀ ਸਰਾਂ ਵਿਚ ਉਨ੍ਹਾਂ ਦੇ ਜਨਮ-ਅਸਥਾਨ ਉੱਤੇ ਉੱਸਰੀ, ਸਗੋਂ ਕੁੱਝ ਬੜਾ ਲਾਹੇਵੰਦ ਸਾਹਿੱਤ ਵੀ ਉਪਜਿਆ। ਇਸ ਕਮੇਟੀ ਦੀ ਖੋਜ ਸਦਕਾ ਕਵੀ ਜੀ ਦੇ ਜਨਮ ਤੇ ਮਰਨ ਦੀਆਂ ਤਿੱਥਾਂ ਮਿਲੀਆਂ। ਪ੍ਰਸੰਗ ਅਧੀਨ ਪੁਸਤਕ ਉਨ੍ਹਾਂ ਰਾਹੀਂ ਸੰਪਾਦਿਤ ਕੀਤੇ ਗਏ ਲੇਖਾਂ ਦਾ ਸੰਗ੍ਰਹਿ ਹੈ। ਇਸ ਵਿਚ ਉਨ੍ਹਾਂ ਦੇ ਆਪਣੇ ਪੰਜਾਹ ਸਫ਼ਿਆਂ ਦੇ ਲੰਮੇ ਲੇਖ ਤੋਂ ਛੁੱਟ ਗਿਆਨੀ ਮਹਾਂ ਸਿੰਘ, ਐਡੀਟਰ *ਖ਼ਾਲਸਾ ਸਮਾਚਾਰ*, ਅੰਮ੍ਰਿਤਸਰ, ਰਣਜੀਤ ਸਿੰਘ 'ਖੜਗ',

ਗਿਆਨੀ ਸੇਵਾ ਸਿੰਘ ਤਰਨ ਤਾਰਨ, ਪਿਆਰਾ ਸਿੰਘ ਪਦਮ, ਪਟਿਆਲਾ, ਟੀਕਾਕਾਰ ਗਿਆਨੀ ਬਿਸ਼ਨ ਸਿੰਘ ਜੀ, ਖ਼ਾਲਸਾ ਕਾਲਜ, ਅੰਮ੍ਰਿਤਸਰ, ਜਸਵੰਤ ਸਿੰਘ ਜਸ, ਜਲੰਧਰ, ਸ. ਬਖ਼ਸ਼ੀਸ਼ ਸਿੰਘ, (ਐਡੀਟਰ ਮੌਜੀ) ਅਤੇ ਸ. ਹਰਦੀਪ ਸਿੰਘ ਐਮ. ਏ. ਦੇ ਲੇਖ ਸ਼ਮਾਲ ਹਨ। ਇਹ ਲੇਖਕ ਕੁੱਝ ਪੱਖਾਂ ਵਿਚ ਡਾ. ਭਾਈ ਵੀਰ ਸਿੰਘ ਦੀ ਖੋਜ ਨੂੰ ਅੱਗੇ ਖੜਦੇ ਹਨ। ਇਸ ਲਈ ਮੈਂ ਆਪਣੇ ਇਸ ਅਧਿਐਨ ਵਿਚ ਡਾ. ਭਾਈ ਵੀਰ ਸਿੰਘ ਦੀ ਤਿਆਰ ਕੀਤੀ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ* ਦੀ "ਪ੍ਰਸਤਾਵਨਾ" ਦੇ ਨਾਲ ਇਸ ਪੁਸਤਕ ਨੂੰ ਵੀ ਸ੍ਰੋਤ ਪੁਸਤਕ ਵਜੋਂ ਵਰਤਿਆ ਹੈ।

ਚੌਥੇ ਵਰਗ ਵਿਚ ਅੰਕਿਤ ਪੁਸਤਕਾਂ ਇੱਕੋ ਵਿਦਵਾਨ ਜਯ ਭਗਵਾਨ ਗੋਯਲ ਦੀ ਕਲਮ ਤੋਂ ਹਨ। ਇਨ੍ਹਾਂ ਵਿੱਚੋਂ ਪਹਿਲੀ, *ਗੁਰ ਪ੍ਰਤਾਪ ਸੂਰਜ ਕੇ ਕਾਵਯ ਪਕਸ਼ ਕਾ ਅਧਯਯਨ* ਉਨ੍ਹਾਂ ਦਾ ਪੀ. ਐਚ. ਡੀ. ਦੀ ਡਿਗਰੀ ਹਈ ਪੇਸ਼ ਕੀਤਾ ਥੀਸਿਸ ਹੇ। ਦੂਜੀ ਆਪਣੇ ਖੇਤਰ ਦੀ ਬੜੀ ਪ੍ਰਮਾਣਿਕ ਪੁਸਤਕ ਹੈ। ਬਾਕੀ ਦੀਆਂ ਰਚਨਾਵਾਂ ਦੀਆਂ ਭੂਮਿਕਾਵਾਂ ਵੀ ਕਵੀ ਜੀ ਬਾਰੇ ਜਾਣਕਾਰੀ ਦਾ ਵੱਡਾ ਸੋਮਾ ਹਨ।

ਜਨਮ : ਸਥਾਨ ਤੇ ਮਿਤੀ

ਅੱਸੂ ਵਦੀ ਏਕਾਦਸ਼ੀ, ਐਤਵਾਰ ਨੂੰ, ਜਦੋਂ ਅੱਸੂ ਮਹੀਨੇ ਦੀ ਸੱਤ ਤਾਰੀਖ਼ ਅਤੇ ਸੰਮਤ 1844 ਬਿਕ੍ਰਮੀ ਅਤੇ ਅੰਗ੍ਰੇਜ਼ੀ ਸਾਲ 1787 ਈ. ਸੀ, ਭਾਈ ਸੰਤੋਖ ਸਿੰਘ ਜਾ ਜਨਮ ਪਿੰਡ ਨੂਰਦੀ ਸਰਾਂ ਵਿਚ ਹੋਇਆ[3]। ਇਹ ਤਰਨ ਤਾਰਨ ਤੋਂ ਝਬਾਲ ਵੱਲ ਜਾਂਦੀ ਸੜਕ ਉੱਤੇ ਕੋਈ ਛੇ ਕੁ ਕਿਲੋਮੀਟਰ ਦੀ ਵਿੱਥ ਉੱਤੇ ਹੈ। ਇਸ ਪਿੰਡ ਦੀ ਇਤਿਹਾਸਿਕ ਮਹੱਤਾ ਨੂੰ ਲਗਭਗ ਸਾਰੇ ਲੇਖਕਾਂ ਨੇ ਦ੍ਰਿੜ ਕਰਾਇਆ ਹੈ। ਇਹ ਉਹ ਪਿੰਡ ਹੈ ਜਿੱਥੇ, ਪਿੰਡ ਤੋਂ ਬਾਹਰਵਾਰ ਸ਼ਾਹੀ ਸੜਕ ਦੇ ਚੌਂਕ ਵਿਚ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਨੇ, ਸਿੱਖਾਂ ਦੀ ਹੋਂਦ ਨੂੰ ਰੜਕਾਣ ਲਈ, ਸ਼ਹੀਦੀ ਪਾਈ ਸੀ। ਇਸ ਥਾਂ ਉੱਤੇ ਇਨ੍ਹਾਂ ਸੂਰਬੀਰ ਜੋਧਿਆਂ ਦੀ ਯਾਦਗਾਰ ਵਿਚ ਸ਼ਹੀਦੀ ਸਥਾਨ ਖੜਾ ਹੈ। 'ਨੂਰਦੀ ਸਰਾਂ' ਜੋ ਵਾਸਤਵ ਵਿਚ 'ਸਰਾਇ ਨੂਰ ਦੀਨ' ਦਾ ਪੰਜਾਬੀ ਰੂਪ ਹੈ, ਇਸ ਇਲਾਕੇ ਦੀਆਂ ਉਨ੍ਹਾਂ ਚਾਰ ਪੰਚ ਸਰਾਵਾਂ ਵਿੱਚੋਂ ਹੈ ਜਿਨ੍ਹਾਂ ਦੇ ਉਸਾਰਨ ਦਾ ਹੁਕਮ ਲਾਹੌਰ ਦੇ ਸੂਬੇ ਨੇ ਦਿੱਤਾ ਸੀ, ਪਰ ਜੋ ਕਿਸੇ ਕਾਰਣ ਵੇਲੇ ਸਿਰ ਉਸੱਰ ਨਾ ਸਕੀ। ਪਿੱਛੋਂ, ਇਸ ਤਪੇ ਦੇ ਹਾਕਮ, ਨੂਰ ਦੀਨ ਦੇ ਪੁੱਤਰ ਅਮੀਰ ਦੀਨ ਨੇ, ਤਰਨ ਤਾਰਨ ਦੇ ਸਰੋਵਰ ਲਈ ਪਕਾਈਆਂ ਹੋਈਆਂ ਇੱਟਾਂ, ਧਿੱਕੋ-ਜ਼ੋਰੀ ਚੁਕਾ ਕੇ, ਆਪਣੇ ਪਿਤਾ ਦੇ ਨਾਂ ਪਿੱਛੇ ਉਸੱਰ ਰਹੀ ਸਰਾਂ ਉੱਤੇ ਵਰਤ ਲਈਆਂ ਸਨ[4]।

ਕਵੀ ਜੀ ਦੇ ਪਿਤਾ ਦਾ ਨਾਂ ਦੇਵਾ ਸਿੰਘ ਅਤੇ ਮਾਤਾ ਦਾ ਰਜਾਦੀ ਜਾਂ ਰਾਏਜ਼ਾਦੀ (ਰਾਜ ਦੇਈ) ਸਿੱਧ ਹੁੰਦਾ ਹੈ। ਬਰਾਦਰੀ ਇਨ੍ਹਾਂ ਦੀ ਭਗਤ ਨਾਮਦੇਵ ਵਾਲੀ ਸੀ, ਤੇ ਗੋਤ 'ਕਰੀਰ' ਸੀ। ਮੱਨੂੰ ਦੀ ਬਣਾਈ ਜਾਤ-ਪਾਤੀ ਵਿਵਸਥਾ ਅਨੁਸਾਰ ਇਨ੍ਹਾਂ ਦਾ ਸੰਬੰਧ ਉਸ ਜਾਤੀ ਨਾਲ ਸੀ ਜਿਸ ਨੂੰ ਆਮ ਲੋਕ "ਛੀਬੇ" ਜਾਂ "ਛੀਪੇ" ਆਖਦੇ ਹਨ। ਇਸ ਜਾਤੀ ਦੇ ਲੋਕ ਆਪਣੇ ਆਪ ਨੂੰ ਹਿੰਦੁਸਤਾਨ ਦੀ ਟਾਂਕ ਨਾਂ ਦੀ ਰਿਆਸਤ ਤੋਂ ਨਿਕਲੇ ਹੋਣ ਕਾਰਣ "ਟਾਂਕ ਕਸ਼ਤ੍ਰੀ" ਦੱਸਦੇ ਹਨ।

ਵਿਦਿਆ-ਦਾਤੇ ਦੀ ਸੇਵਾ ਵਿਚ

ਬਾਲਕ ਸੰਤੋਖ ਸਿੰਘ ਦਾ ਪਿਤਾ ਕੰਮ ਤਾਂ ਦਰਜ਼ੀਆਂ ਦਾ ਕਰਦਾ ਸੀ, ਪਰ ਉਸ ਨੂੰ ਵਿਦਿਆ ਦਾ ਸ਼ੌਕ ਬਹੁਤ ਸੀ। ਹਵਾਇਤ ਅਨੁਸਾਰ ਉਹ ਆਪ ਗੁਰਬਾਣੀ ਦਾ ਚੰਗਾ ਗਿਆਤਾ ਸੀ। ਸਬਬ ਨਾਲ ਉਸ ਦਾ ਪੁੱਤਰ ਸੰਤੋਖ ਸਿੰਘ ਬੜੀ ਤੇਜ਼ ਬੁੱਧੀ ਵਾਲਾ ਸਿੱਧ ਹੋਇਆ। ਉਹ ਬਚਪਨ ਵਿਚ ਹੀ ਆਪ-ਮੁਹਾਰਾ ਕਵਿਤਾ ਕਹਿਣ ਲਗ ਪਿਆ ਸੀ[5]। ਪਿਤਾ ਚਾਹੁੰਦਾ ਸੀ ਕਿ ਉਹ ਆਪਣੇ ਇਸ ਹੋਣਹਾਰ ਪੁੱਤਰ ਨੂੰ ਕਿਸੇ ਵੱਡੇ ਵਿਦਵਾਨ ਦੇ ਚਰਨਾਂ ਵਿਚ ਬਿਠਾਉਣ ਦੀ ਸੱਧਰ ਪੂਰੀ ਕਰੇ। ਉਨ੍ਹਾਂ ਦਿਨਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕ ਪ੍ਰਸਿੱਧ ਵਿਦਵਾਨ ਗਿਆਨੀ ਸੰਤ ਸਿੰਘ ਜੀ ਸਨ। ਭਾਈ ਦੇਵਾ ਸਿੰਘ ਦੀ ਗਿਆਨੀ ਜੀ ਨਾਲ ਸਿੱਧੀ ਜਾਣ-ਪਛਾਣ ਸੀ ਜਾਂ ਨਹੀਂ, ਇਸ ਬਾਰੇ ਪੱਕੀ ਤਰ੍ਹਾਂ ਕੁੱਝ ਨਹੀਂ ਕਿਹਾ ਜਾ ਸਕਦਾ। ਭਾਈ ਦੇਵਾ ਸਿੰਘ ਦਾ ਭਰਾ, ਸ. ਰਾਮ ਸਿੰਘ ਅੰਮ੍ਰਿਤਸਰ ਦੇ ਕਟੜਾ ਨਿਹਾਲ ਸਿੰਘ ਵਿਚ ਰਹਿੰਦਾ ਸੀ। ਇਸ ਦਾ ਮੇਲ-ਮਿਲਾਪ

3. ਖਜ਼ਾਨ ਸਿੰਘ, ਗਿਆਨੀ, *ਜੀਵਨ ਕਥਾ*, ਪੰਨੇ 11-13.
4. ਪੂਰੇ ਬਿਉਰੇ ਲਈ ਦੇਖੋ, *ਸੂਰਜ ਗ੍ਰੰਥਾ.* (ਪ੍ਰਸਤਾਵਨਾ), ਪੰਨੇ 86-88 ; ਖਜ਼ਾਨ ਸਿੰਘ, ਗਿਆਨੀ, ਉਕ੍ਤ ਰਚਨਾ, ਪੰਨੇ 13-14.
5. ਸੂਰਜ ਗ੍ਰੰਥਾ. (ਪ੍ਰਸਤਾਵਨਾ), ਪੰਨਾ 87.

ਉਸ ਵੇਲੇ ਦੇ ਪਤਵੰਤੇ ਸਿੱਖ ਟੱਬਰਾਂ ਨਾਲ ਬਹੁਤ ਸੀ। ਪ੍ਰਤੀਤ ਹੁੰਦਾ ਹੈ ਕਿ ਭਾਈ ਦੇਵਾ ਸਿੰਘ ਨੇ ਉਸ ਦੀ ਸਹਾਇਤਾ ਲੈ ਕੇ ਤੇ ਆਪਣੀ ਪਹੁੰਚ ਵਰਤ ਕੇ ਸੰਤੋਖ ਸਿੰਘ ਨੂੰ ਵਿਦਿਆ-ਪ੍ਰਾਪਤੀ ਲਈ ਗਿਆਨੀ ਸੰਤ ਸਿੰਘ ਜੀ ਦੀ ਚਰਨੀਂ ਜਾ ਲਾਇਆ। ਗਿਆਨੀ ਜੀ, ਸੰਤੋਖ ਸਿੰਘ ਨੂੰ ਤਿੱਖੀ ਬੁੱਧੀ ਤੇ ਤੇਜ਼ ਚੇਤੇ ਵਾਲਾ ਦੇਖ ਕੇ, ਮੰਨ ਗਏ। ਹੋ ਸਕਦਾ ਹੈ ਕਿ ਉਨ੍ਹਾਂ ਨੂੰ ਆਪਣੇ ਪੁੱਤਰ ਗਿਆਨੀ ਗੁਰਮੁਖ ਸਿੰਘ ਲਈ ਸਾਥੀ ਦੀ ਲੋੜ ਹੋਵੇ ਤੇ ਉਨ੍ਹਾਂ ਨੇ ਸੰਤੋਖ ਸਿੰਘ ਨੂੰ ਇਸ ਮਤਲਬ ਲਈ ਠੀਕ ਜਾਣਿਆ ਹੋਵੇ। ਕੁੱਝ ਵੀ ਹੋਵੇ, ਇਹ ਜੋੜ ਸਾਹਿੱਤਿਕ ਜਗਤ ਵਿਚ ਬੜਾ ਮਹਤ੍ਵਪੂਰਣ ਸਿੱਧ ਹੋਇਆ। ਗਿਆਨੀ ਸੰਤ ਸਿੰਘ ਪਾਸੋਂ ਸੰਸਾਰੀ ਤੇ ਆਤਮਿਕ, ਦੋਹਾਂ ਤਰ੍ਹਾਂ ਦੀ ਵਿਦਿਆ ਪ੍ਰਾਪਤ ਕਰਕੇ, ਸੰਤੋਖ ਸਿੰਘ ਕੁੰਦਨ ਬਣ ਗਿਆ ਤੇ ਉਸ ਨੇ ਆਉਣ ਵਾਲੇ ਸਮੇਂ ਵਿਚ ਆਪਣੇ ਉਸਤਾਦ ਗਿਆਨੀ ਸੰਤ ਸਿੰਘ ਦੇ ਨਾਂ ਨੂੰ ਚਾਰ ਚੰਨ ਲਾ ਦਿੱਤੇ।

ਸੰਤੋਖ ਸਿੰਘ ਗਿਆਰਾਂ ਸਾਲਾਂ ਦੀ ਉਮਰ ਵਿਚ ਗਿਆਨੀ ਸੰਤ ਸਿੰਘ ਜੀ ਦੀ ਸੇਵਾ ਵਿਚ ਪਹੁੰਚਿਆ ਸੀ। ਪਹਿਲਾਂ ਤਾਂ ਉਹ ਆਪਣੇ ਪਿਤਾ ਦੇ ਚਾਚਾ ਰਾਮ ਸਿੰਘ ਪਾਸ ਰਹਿੰਦਾ ਰਿਹਾ, ਪਰ ਪਿੱਛੋਂ ਵਿਦਿਆ-ਦਾਤਾ ਕੋਲ ਹੀ ਗਿਆਨੀਆਂ ਦੇ ਬੁੰਗੇ ਵਿਚ ਜਾ ਰਿਹਾ। ਇੱਥੇ ਉਸ ਨੇ ਦਸ ਸਾਲ ਕੱਟੇ ਅਤੇ ਇੱਕੀ ਸਾਲਾਂ ਦੀ ਉਮਰ ਵਿਚ ਸੰਸਾਰਿਕ ਤੇ ਆਤਮਿਕ ਗਿਆਨ ਨਾਲ ਮਾਲਾ-ਮਾਲ ਹੋ ਕੇ ਨਿਕਲਿਆ।

ਵਿਦਿਆ-ਪ੍ਰਾਪਤੀ

ਭਾਈ ਸੰਤੋਖ ਸਿੰਘ ਨੇ ਆਪਣੇ ਵਿਦਿਆ-ਦਾਤਾ, ਗਿਆਨੀ ਸੰਤ ਸਿੰਘ ਜੀ ਪਾਸੋਂ ਕਿਹੜੀ ਕਿਹੜੀ ਵਿਦਿਆ ਪ੍ਰਾਪਤ ਕੀਤੀ ? - ਇਸ ਗੱਲ ਦਾ ਸਾਡੇ ਕੋਲ ਕੋਈ ਵੇਰਵਾ ਨਹੀਂ ਹੈ, ਪਰ ਉਨ੍ਹਾਂ ਦੀਆਂ ਲਿਖਤਾਂ ਤੋਂ ਉਨ੍ਹਾਂ ਦੇ ਸੰਸਕ੍ਰਿਤ, ਬ੍ਰਜ, ਗੁਰਮਤਿ, ਪਿੰਗਲ, ਜੋਤਿਸ਼ ਤੇ ਕਾਵਿ-ਸ਼ਾਸਤਰ ਤੋਂ ਛੁੱਟ ਵੇਦ, ਪੁਰਾਣ, ਖਟ-ਸ਼ਾਸਤ੍ਰ, ਯੋਗ, ਵੇਦਾਂਤ, ਆਦਿ ਵਿਚ ਨਿਪੁਣ ਹੋਣ ਦਾ ਪਤਾ ਲਗਦਾ ਹੈ। ਗਿਆਨੀ ਸੇਵਾ ਸਿੰਘ ਜੀ ਤਰਨ ਤਾਰਨ ਵਾਲਿਆਂ (ਸ੍ਵਰਗਵਾਸੀ) ਨੇ ਅਨੁਮਾਨ ਲਾਇਆ ਸੀ ਕਿ ਭਾਈ ਸਾਹਿਬ ਨੇ ਗਿਆਨੀ ਜੀ ਪਾਸੋਂ ਕਾਵਿ, ਪਰਯਾਯ, ਰਸਿਕ ਪ੍ਰਿਯ, ਅਲੰਕਾਰ ਸੁਧਾ ਸਾਗਰ, ਰਸ - ਪ੍ਰਬੋਧ, ਛੰਦ ਦਰਪਣ ਤੇ ਚਿਤਰ ਬਿਲਾਸ, ਆਦਿ ਗ੍ਰੰਥਾਂ ਦਾ ਬੋਧ ਪ੍ਰਾਪਤ ਕੀਤਾ[6]। ਇਨ੍ਹਾਂ ਖੇਤਰਾਂ ਦਾ ਬਹੁਤਾ ਗਿਆਨ ਉਨ੍ਹਾਂ ਨੂੰ ਆਪਣੇ ਵਿਦਿਆ-ਦਾਤਾ ਪਾਸੋਂ ਹੀ ਮਿਲਿਆ। ਇਸ ਦੇ ਸਬੂਤ ਉਨ੍ਹਾਂ ਦੀ ਲਿਖਤ ਵਿੱਚੋਂ, ਜਿਵੇਂ ਕਿ ਭਾਈ ਵੀਰ ਸਿੰਘ ਨੇ ਦਰਸਾਇਆ ਹੈ, ਸਪਸ਼ਟ ਰੂਪ ਵਿਚ ਮਿਲਦੇ ਹਨ [7]। ਇਹ ਨੌਜਵਾਨ ਸੰਤੋਖ ਸਿੰਘ ਦਾ ਸੁਭਾਗ ਸੀ ਕਿ ਉਸ ਨੂੰ ਗਿਆਨੀ ਸੰਤ ਸਿੰਘ ਵਰਗੇ ਵਿਦਵਾਨ ਦੀ ਸਰਪ੍ਰਸਤੀ ਹਾਸਲ ਹੋਈ। ਗਿਆਨੀ ਸੰਤ ਸਿੰਘ ਦਾ ਸੰਬੰਧ ਉਸ ਖ਼ਾਨਦਾਨ ਨਾਲ ਸੀ ਜਿਸ ਨੂੰ ਸ਼ਹੀਦ ਭਾਈ ਮਨੀ ਸਿੰਘ ਤੋਂ ਗਿਆਨ-ਪ੍ਰਾਪਤੀ ਦਾ ਮੌਕਾ ਮਿਲਿਆ ਸੀ। ਇਸੇ ਖ਼ਾਨਦਾਨ ਨੇ ਭਾਈ ਸੂਰਤ ਸਿੰਘ ਵਰਗਾ ਵਿਦਵਾਨ ਪੈਦਾ ਕੀਤਾ, ਜਿਸ ਨੇ, ਨਵੀਂ ਖੋਜ ਅਨੁਸਾਰ, *ਗਿਆਨ ਰਤਨਾਵਲੀ* ਤੇ *ਸਿੱਖਾਂ ਦੀ ਭਗਤ-ਮਾਲਾ* ਵਰਗੀਆਂ ਪੁਸਤਕਾਂ ਰਚੀਆਂ, ਪਰ ਜੋੜਿਆ ਇਨ੍ਹਾਂ ਦੋਹਾਂ ਨੂੰ ਭਾਈ ਮਨੀ ਸਿੰਘ ਦੇ ਨਾਂ ਨਾਲ[8] ਜਾਂਦਾ ਹੈ। ਭਾਈ ਸੂਰਤ ਸਿੰਘ ਨੇ ਗੁਰਬਾਣੀ ਦੇ ਅਰਥ ਭਾਈ ਗੁਰਬਖ਼ਸ਼ ਸਿੰਘ ਪਾਸੋਂ ਪੜ੍ਹੇ ਸਨ, ਜਿਨ੍ਹਾਂ ਨੇ ਅੱਗੋਂ ਸ਼ਹੀਦ ਭਾਈ ਮਨੀ ਸਿੰਘ ਤੋਂ ਸਿੱਖੇ ਸਨ। ਗਿਆਨੀ ਸੰਤ ਸਿੰਘ ਪਾਸੋਂ ਸਿੱਖਿਆ ਪਾ ਕੇ ਭਾਈ ਸੰਤੋਖ ਸਿੰਘ ਜੀ ਵਿਦਿਆ ਦੇ ਪੁੰਜ ਹੋ ਗਏ। ਜਿਹੜੀ ਕੋਈ ਕਸਰ ਰਹਿ ਗਈ, ਉਹ ਉਨ੍ਹਾਂ ਬਨਾਰਸ ਜਾ ਕੇ ਪੂਰੀ ਕੀਤੀ। ਇੱਕੀ ਵਰ੍ਹੇ ਦੀ ਉਮਰ ਪਿੱਛੋਂ ਆਪ ਦੇ ਪੰਜ ਸਾਲ ਕਾਂਸ਼ੀ ਰਹਿਣ ਦੀ ਟੋਹ ਮਿਲਦੀ ਹੈ, ਜਿੱਥੇ ਉਨ੍ਹਾਂ ਨੇ ਆਪਣੇ ਗਿਆਨ ਵਿਚ ਜ਼ਰੂਰ ਵਾਧਾ ਕੀਤਾ ਹੋਵੇਗਾ, ਤੇ ਵੱਡੇ ਵੱਡੇ ਪੰਡਿਤਾਂ ਉੱਤੇ ਆਪਣੀ ਤੀਖਣ ਬੁੱਧੀ ਤੇ ਜਾਣਕਾਰੀ ਦਾ ਸਿੱਕਾ ਵੀ ਬਿਠਾਇਆ ਹੋਵੇਗਾ।

ਕਵੀ ਜੀ ਦੀ ਵਿਦਿਆ-ਪ੍ਰਾਪਤੀ ਬਾਰੇ ਪ੍ਰਸਿੱਧ ਸ੍ਵਰਗਵਾਸੀ ਵਿਦਵਾਨ, ਰਣਜੀਤ ਸਿੰਘ 'ਖੜਗ', ਆਪਣੇ ਇਕ ਲੇਖ, "ਕਵੀ ਸੰਤੋਖ ਸਿੰਘ ਦੀ ਮਹਾਨ ਸ਼ਖ਼ਸੀਅਤ" ਵਿਚ ਕਵੀ ਜੀ ਬਾਰੇ ਲਿਖਦੇ ਹਨ ਕਿ 'ਕਵੀ ਤੇ ਜੋਤਸ਼ੀ ਹੋਣ ਤੋਂ ਬਿਨਾਂ, ਆਪ ਅਰਬੀ, ਫ਼ਾਰਸੀ, ਰਾਜਨੀਤੀ, ਵੇਦਾਂਤ, ਸ਼ਸਤ੍ਰ ਵਿਦਿਆ, ਯੁੱਧ-ਵਿਦਿਆ, ਘੋੜਿਆਂ ਦੀ ਵਿਦਿਆ, ਜਿਸ ਦੀ ਲੋੜ ਕਿਸੇ ਰਿਆਸਤ ਦੇ ਤਕੜੇ ਮਸ਼ੀਰ ਨੂੰ ਹੁੰਦੀ ਸੀ, ਦੇ

6. "ਮਹਾ ਕਵੀ ਸੰਤੋਖ ਸਿੰਘ ਜੀ", *ਜੀਵਨ ਕਥਾ* (ਸੰਪਾ. ਖਜ਼ਾਨ ਸਿੰਘ, ਗਿਆਨੀ), ਪੰਨਾ 64.
7. *ਸੂਰਜ ਗ੍ਰੰਥ.* (ਪ੍ਰਸਤਾਵਨਾ), ਪੰਨਾ 90.
8. ਸੇਵਾ ਸਿੰਘ, ਕਵੀ, *ਸ਼ਹੀਦ ਬਿਲਾਸ (ਭਾਈ ਮਨੀ ਸਿੰਘ)*, ਸੰਪਾ. ਗਰਜਾ ਸਿੰਘ, ਗਿਆਨੀ, ਪੰਨਾ 46-47.

ਭੀ ਮਾਹਰ ਸਨ।"[9] ਮੈਨੂੰ ਖੜਗ ਜੀ ਦੇ ਇਸ ਕਥਨ ਉੱਤੇ ਸੰਦੇਹ ਹੈ। ਜਦੋਂ ਮੈਂ ਆਪਣੇ ਨਿਰਦੇਸ਼ਕ ਨੂੰ ਭਾਈ ਸਾਹਿਬ ਦੇ ਅਰਬੀ-ਫ਼ਾਰਸੀ ਦੇ ਗਿਆਨ ਬਾਰੇ ਪੁੱਛਿਆਂ ਤਾਂ ਉਨ੍ਹਾਂ ਨੇ ਵੀ ਇਸ ਗੱਲ ਦੀ ਪੁਸ਼ਟੀ ਨਾ ਕੀਤੀ, ਸਗੋਂ ਇਹ ਕਿਹਾ ਕਿ 'ਖੜਗ' ਜੀ ਨੇ ਇਹ ਵਾਕ ਕੁੱਝ ਵਧੇਰੇ ਵੇਗ ਵਿਚ ਆ ਕੇ ਲਿਖ ਦਿੱਤਾ ਲਗਦਾ ਹੈ। ਸੁਰਗੀ ਡਾ. ਪਿਆਰ ਸਿੰਘ ਤੇ ਪ੍ਰੋਫ਼ੈਸਰ ਪ੍ਰੀਤਮ ਸਿੰਘ ਦੋਹਾਂ ਦਾ ਖ਼ਿਆਲ ਸੀ ਕਿ ਭਾਈ ਸੰਤੋਖ ਸਿੰਘ ਨੂੰ ਅਰਬੀ-ਫ਼ਾਰਸੀ ਭਾਸ਼ਾਵਾਂ ਦਾ ਕੋਈ ਡੂੰਘੇਰਾ ਬੋਧ ਨਹੀਂ ਸੀ। ਜੇ ਹੁੰਦਾ ਤਾਂ ਉਹ ਮੁਗ਼ਲ ਹਾਕਮਾਂ ਦੇ ਇਤਿਹਾਸ ਨੂੰ ਇੰਨਾਂ ਗ਼ਲਤ ਨ ਲਿਖਦੇ। ਇਹ ਗ੍ਰੰਥ ਇਸ ਕਾਰਣ ਕਈ ਉਕਾਈਆਂ ਨਾਲ ਭਰਿਆਂ ਹੋਇਆ ਹੈ ਕਿ ਭਾਈ ਸਾਹਿਬ ਨੂੰ ਫ਼ਾਰਸੀ ਵਿਚ ਲਿਖੀਆਂ ਤਵਾਰੀਖ਼ਾਂ ਦਾ ਗਿਆਨ ਨਹੀਂ ਸੀ।

ਬੂੜੀਏ ਵਿਚ ਨਿਵਾਸ

ਸਤਾਈ ਸਾਲ ਵਿਦਿਆ-ਪ੍ਰਾਪਤੀ ਵਿਚ ਲੱਗੇ ਰਹਿਣ ਦੇ ਪਿੱਛੋਂ ਕਵੀ ਨੇ ਆਪਣਾ ਵਿਹਾਰਿਕ ਜੀਵਨ ਬੂੜੀਏ ਨਗਰ ਤੋਂ ਸ਼ੁਰੂ ਕੀਤਾ। ਬੂੜੀਏ ਦਾ ਕਬਜ਼ਾ ਭੰਗੀ ਸਰਦਾਰਾਂ ਵਿੱਚੋਂ ਸ. ਰਾਏ ਸਿੰਘ ਪਾਸ ਸੀ। ਰਾਏ ਸਿੰਘ ਦਾ ਫ਼ੌਜੀ ਜਰਨੈਲ ਦਿਆਲ ਸਿੰਘ ਨਾਂ ਦਾ ਇਕ ਸਰਦਾਰ ਸੀ। ਇਹ ਭਾਈ ਸੰਤੋਖ ਸਿੰਘ ਦੀ ਜਾਤ-ਬਰਾਦਰੀ ਵਿੱਚੋਂ ਹੀ ਸੀ। ਦਿਆਲ ਸਿੰਘ, ਰਾਏ ਸਿੰਘ ਦਾ ਬੜਾ ਚਹੇਤਾ ਸਰਦਾਰ ਸੀ। ਰਾਏ ਸਿੰਘ ਦੀ ਮੌਤ ਪਿੱਛੋਂ ਇਹ ਉਸ ਦੇ ਪੁੱਤਰ ਭਗਵਾਨ ਸਿੰਘ ਦਾ ਵੀ ਚਹੇਤਾ ਬਣਿਆ ਰਿਹਾ। ਸ. ਦਿਆਲ ਸਿੰਘ ਦੀ ਸਿਫ਼ਾਰਿਸ਼ ਉੱਤੇ ਭਗਵਾਨ ਸਿੰਘ ਨੇ ਭਾਈ ਸੰਤੋਖ ਸਿੰਘ ਨੂੰ ਆਪਣਾ ਦਰਬਾਰੀ ਕਵੀ ਬਣਾ ਲਿਆ। ਗਿਆਨੀ ਖ਼ਜ਼ਾਨ ਸਿੰਘ ਦੀ ਸੂਚਨਾ ਅਨੁਸਾਰ ਭਾਈ ਸੰਤੋਖ ਸਿੰਘ, ਦਰਿਆ ਜਮਨਾ ਦੇ ਕੰਢੇ ਤੇ ਬਣੀ ਹੋਈ ਇਕ ਪੌੜੀ ਉੱਤੇ ਨਿਤਨੇਮ ਤੇ ਭਜਨ ਬੰਦਗੀ ਕਰਿਆ ਕਰਦੇ ਸਨ। ਬੂੜੀਏ ਵਿਚ ਇਸ ਤਰ੍ਹਾਂ ਦੀ ਨਿਤ ਦੀ ਸਾਧਨਾ ਪੰਜ ਸਾਲ ਤਕ ਚਲਦੀ ਰਹੀ। ਇਸ ਰਵਾਇਤ ਅਨੁਸਾਰ ਭਾਈ ਸਾਹਿਬ ਨੇ ਇਹ ਤਪੱਸਿਆ ਗੁਰੂ ਇਤਿਹਾਸ ਲਿਖਣ ਲਈ ਗੁਰੂ ਗੋਬਿੰਦ ਸਿੰਘ ਪਾਸੋਂ ਵਰ ਪ੍ਰਾਪਤ ਕਰਨ ਲਈ ਕੀਤੀ ਸੀ, ਜੋ ਅੰਤ ਵਿਚ ਇਕ ਚਮਤਕਾਰੀ ਰੂਪ ਵਿਚ ਇਨ੍ਹਾਂ ਨੂੰ ਮਿਲਿਆ ਦੱਸਿਆ ਜਾਂਦਾ ਹੈ।[10]

ਸਾਹਿੱਤ-ਰਚਨਾ ਸ਼ੁਰੂ

ਕਵੀ ਜੀ ਨੇ ਸਾਹਿੱਤ ਰਚਣ ਦਾ ਕਾਰਜ ਬੂੜੀਏ-ਨਿਵਾਸ ਸਮੇਂ ਹੀ ਸ਼ੁਰੂ ਕਰ ਦਿੱਤਾ ਸੀ। ਮੁੱਢ ਤੋਂ ਹੀ ਇਨ੍ਹਾਂ ਦੀ ਲਾਲਸਾ ਸੀ ਕਿ ਕਿਸੇ ਤਰ੍ਹਾਂ ਕਵਿਤਾ ਵਿਚ ਗੁਰੂ ਸਾਹਿਬਾਨ ਦਾ ਸਾਰਾ ਇਤਿਹਾਸ ਤਿਆਰ ਕੀਤਾ ਜਾਵੇ। ਇਨ੍ਹਾਂ ਦੇ ਵਿਦਿਆ-ਦਾਤਾ ਗਿਆਨੀ ਸੰਤ ਸਿੰਘ ਜੀ ਨੇ ਤੁਲਸੀ ਦੀ *ਰਾਮਾਇਣ* ਦਾ ਟੀਕਾ ਵਾਰਤਕ ਵਿਚ ਕੀਤਾ ਸੀ। ਇਹ ਇਨ੍ਹਾਂ ਨੇ ਵਾਚਿਆ ਹੀ ਹੋਵੇਗਾ ਤੇ ਤੁਲਸੀ ਦਾਸ ਦੀ ਪ੍ਰਸਿੱਧੀ ਤੋਂ ਪ੍ਰਭਾਵਿਤ ਵੀ ਹੋਏ ਹੋਣਗੇ। ਅਜੇਹੀ ਹਾਲਤ ਵਿਚ ਇਹੋ ਜਹੀ ਹੀ ਮਹਾਨਤਾ ਵਾਲੀ ਕੋਈ ਕਿਰਤ ਰਚ ਜਾਣ ਦੀ ਇੱਛਾ ਦਾ ਮਨ ਵਿਚ ਫੁੱਟ ਪੈਣਾ ਸੁਭਾਵਿਕ ਸੀ। ਬੂੜੀਏ ਵਿਚ ਰਹਿੰਦਿਆਂ ਉਨ੍ਹਾਂ ਨੇ ਗੁਰੂ-ਇਤਿਹਾਸ ਲਈ ਸਾਮਗ੍ਰੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ। ਦੂਜੇ ਪਾਸੇ ਆਪਣੇ ਸ਼ਬਦ-ਭੰਡਾਰ ਵਿਚ ਵਾਧਾ ਕਰਨ ਤੇ ਕਾਵਿ-ਰਚਨਾ ਵਿਚ ਮੁਹਾਰਤ ਹਾਸਲ ਕਰਨ ਲਈ ਸੰਸਕ੍ਰਿਤ ਦੇ ਇਕ ਪ੍ਰਸਿੱਧ ਗ੍ਰੰਥ *ਅਮਰ ਕੋਸ਼* ਦਾ ਉਲਥਾ ਬ੍ਰਜ ਭਾਸ਼ਾ ਵਿਚ ਕਰਨਾ ਸ਼ੁਰੂ ਕਰ ਦਿੱਤਾ। ਇਹ ਗ੍ਰੰਥ 1821 ਈ. ਵਿਚ ਸੰਪੂਰਨ ਹੋਇਆ। ਇਸ ਦਾ ਨਾਂ ਆਪ ਨੇ *ਨਾਮ ਕੋਸ਼* ਰਖਿਆ। ਭਾਈ ਸੰਤੋਖ ਸਿੰਘ ਨੇ ਇਸ ਤਜਰਬੇ ਤੋਂ ਕਿਵੇਂ ਲਾਭ ਉਠਾਇਆ, ਇਸ ਦਾ ਸਬੂਤ *ਸੂਰਜ ਪ੍ਰਕਾਸ਼* ਵਿਚ ਥਾਂ ਥਾਂ ਵੇਖਿਆ ਜਾ ਸਕਦਾ ਹੈ। ਜਿਥੇ ਸ਼ਿਵ ਜੀ ਦੇ ਉਪਾਸਕਾਂ ਵੱਲੋਂ ਸ਼ਿਵ ਜੀ ਦਾ ਜਾਪ ਉਨ੍ਹਾਂ ਦੇ ਅੱਡ ਅੱਡ ਨਾਂ ਲੈ ਕੇ ਕਰਨ ਦਾ ਜ਼ਿਕਰ ਆਉਂਦਾ ਹੈ, ਓਥੇ ਦੋ ਦਰਜਨ ਤੋਂ ਉਪਰ ਸ਼ਿਵ ਜੀ ਦੇ ਨਾਂ ਕਵੀ ਜੀ ਨੇ ਗਿਣਾ ਦਿੱਤੇ ਹਨ।[11]

ਨਾਮ ਕੋਸ਼ ਤਿਆਰ ਕਰ ਕੇ ਕਵੀ ਜੀ ਨੇ *ਸ੍ਰੀ ਗੁਰੂ ਨਾਨਕ ਪ੍ਰਕਾਸ਼* ਦੀ ਤਿਆਰੀ ਵੱਲ ਧਿਆਨ ਦਿੱਤਾ। ਇਹ ਗ੍ਰੰਥ 1823 ਈ. ਵਿਚ ਸੰਪੂਰਨ ਹੋਇਆ। ਗੁਰ-ਇਤਿਹਾਸ ਰਚਣ ਦੇ ਨਾਲ ਭਾਈ ਸਾਹਿਬ ਆਪਣੀ ਰਚਨਾ ਦੀ ਕਥਾ ਵੀ ਕਰਿਆ ਕਰਦੇ ਸਨ। ਇਸ ਨਾਲ ਇਨ੍ਹਾਂ ਦੀ ਆਪਣੀ ਤੇ ਇਨ੍ਹਾਂ ਦੇ ਰਚੇ *ਨਾਨਕ ਪ੍ਰਕਾਸ਼*

---

9. *ਜੀਵਨ ਕਥਾ* (ਸੰਪਾ ਖ਼ਜ਼ਾਨ ਸਿੰਘ, ਗਿਆਨੀ), ਪੰਨਾ 63.
10. ਉਹੀ ਪੰਨੇ 20-21; *ਸੂਰਜ ਗ੍ਰੰਥ.* (ਪ੍ਰਸਤਾਵਨਾ), ਪੰਨੇ 93-96.
11. ਮਹਾਂ ਸਿੰਘ, ਗਿਆਨੀ, *"ਮਹਾਂ ਕਵੀ ਭਾਈ ਸੰਤੋਖ ਸਿੰਘ"*, *ਜੀਵਨ ਕਥਾ* (ਸੰਪਾ. ਖ਼ਜ਼ਾਨ ਸਿੰਘ, ਗਿਆਨੀ), ਪੰਨੇ 51-52.

ਦੀ ਪ੍ਰਸਿੱਧੀ ਦੂਰ ਦੂਰ ਤਕ ਫੈਲ ਗਈ। ਇਹੀ ਚੀਜ਼ ਇਨ੍ਹਾਂ ਦੇ ਪਟਿਆਲਾ-ਪਤੀ, ਮਹਾਰਾਜਾ ਕਰਮ ਸਿੰਘ ਵੱਲੋਂ ਬੁਲਾਏ ਜਾਣ ਦਾ ਕਾਰਣ ਬਣੀ, ਜਿਸ ਦਾ ਜ਼ਿਕਰ ਅੱਗੇ ਆਵੇਗਾ।

ਵਿਆਹ ਤੇ ਸੰਤਾਨ

ਸਮੇਂ ਦੀ ਰੀਤ ਦੇ ਉਲਟ, ਕਵੀ ਜੀ ਨੇ ਵਿਆਹ ਬਹੁਤ ਚਿਰਾਕੇ ਜੇਹੇ ਜਾ ਕੇ ਕੀਤਾ। ਉਦੋਂ ਬਾਲਾਂ ਦਾ ਵਿਆਹ ਛੋਟੀ ਉਮਰੇ ਹੀ ਕਰ ਦਿਆ ਕਰਦੇ ਸਨ, ਪਰ ਕਵੀ ਜੀ ਚੌਂਤੀ ਵਰ੍ਹੇ ਕੁਆਰੇ ਹੀ ਰਹੇ। ਇਹ ਪਹਿਲਾਂ ਕਿਉਂ ਨਾ ਹੋਇਆ? ਇਸ ਬਾਰੇ ਸਾਡੇ ਕੋਲ ਕੋਈ ਲਿਖਤ ਨਹੀਂ ਹੈ। ਹੋ ਸਕਦਾ ਹੈ ਉਨ੍ਹਾਂ ਨੇ ਸਿੱਖ ਇਤਿਹਾਸ ਲਿਖਣ ਦੇ ਮਹਾਨ ਕਾਰਜ ਲਈ ਆਪਣੇ ਆਪ ਨੂੰ ਸੁਤੰਤਰ ਰੱਖਣਾ ਜ਼ਰੂਰੀ ਸਮਝਿਆ ਹੋਵੇ। ਇਤਿਹਾਸ ਲਿਖਣ ਲਈ ਫਿਰ-ਤੁਰ ਕੇ ਮਸਾਲਾ ਇਕੱਠਾ ਕਰਨ ਦੀ ਲੋੜ ਤਾਂ ਹੈ ਹੀ ਸੀ। ਹੁਣ ਜਦੋਂ ਬੂੜੀਏ ਵਿਚ ਟਿਕ ਕੇ ਕੰਮ ਕਰਨ ਦਾ ਮੌਕਾ ਮਿਲਿਆ ਤਾਂ ਜੀਵਨ-ਸਾਥੀ ਦੀ ਲੋੜ ਵੀ ਮਹਿਸੂਸ ਹੋਈ ਹੋਵੇਗੀ। ਇਹ ਸਾਥੀ ਉਨ੍ਹਾਂ ਨੂੰ ਜਗਾਧਰੀ-ਵਾਸੀ ਰੋਹੇਲਾ ਵੰਸ਼ ਦੀ ਇਕ ਸਿੱਖ ਕੰਨਿਆ, ਬੀਬੀ ਰਾਮ ਕੌਰ ਦੇ ਰੂਪ ਵਿਚ ਮਿਲਿਆ। ਸ਼ਾਦੀ ਸੰਨ 1821 ਈ. ਵਿਚ ਹੋਈ ਤੇ ਸਮਾਂ ਪਾ ਕੇ ਇਸ ਬੀਬੀ ਦੇ ਪੇਟ ਤੋਂ ਉਨਾਂ ਦੇ ਘਰ ਪੰਜ ਪੁੱਤਰ—ਅਜੇ ਸਿੰਘ, ਬਿਜੈ ਸਿੰਘ, ਮਕਸੂਦਨ ਸਿੰਘ, ਬਲਦੇਵ ਸਿੰਘ ਤੇ ਅਨਰੁੱਧ ਸਿੰਘ ਅਤੇ ਤਿੰਨ ਧੀਆਂ—ਖੇਮ ਕੌਰ, ਮੈਮਨ ਕੌਰ ਤੇ ਮਾਨ ਕੌਰ—ਹੋਈਆਂ। ਭਾਈ ਸਾਹਿਬ ਦੀ ਸੰਤਾਨ ਕੈਥਲ ਅਤੇ ਪਟਿਆਲੇ ਵਿਚ ਚੋਖੀ ਗਿਣਤੀ ਵਿਚ ਹਾਲੀ ਵੀ ਮੌਜੂਦ ਹੋਣ ਦਾ ਪਤਾ ਲਗਦਾ ਹੈ।

ਪਟਿਆਲੇ ਵਿਚ

ਬੂੜੀਏ ਤੋਂ ਕਵੀ ਜੀ ਦੇ ਪਟਿਆਲੇ ਜਾਣ ਦਾ ਪਤਾ ਲਗਦਾ ਹੈ। ਆਪ ਪਟਿਆਲੇ ਕਿਉਂ ਗਏ?—ਇਸ ਦਾ ਕਿਸੇ ਲਿਖਤ ਵਿਚ ਕੋਈ ਜ਼ਿਕਰ ਨਹੀਂ ਮਿਲਦਾ। ਭਾਈ ਵੀਰ ਸਿੰਘ ਨੇ ਬੇਰੁਜ਼ਗਾਰੀ ਦੀ ਸ਼ਿਕਾਇਤ ਵਿਚ ਰਚੇ ਉਨ੍ਹਾਂ ਦੇ ਕਬਿੱਤ ਲੱਭ ਕੇ ਇਹ ਖ਼ਿਆਲ ਪ੍ਰਗਟਾਇਆ ਹੈ ਕਿ ਬੂੜੀਏ ਵਿਚ ਨਿਵਾਸ ਤੇ ਪਟਿਆਲੇ ਪਹੁੰਚਣ ਦੇ ਵਿਚਕਾਰਲੇ ਸਮੇਂ ਵਿਚ ਆਪ ਨੂੰ ਬੇਰੁਜ਼ਗਾਰੀ ਦਾ ਮੂੰਹ ਦੇਖਣਾ ਪਿਆ ਹੋਵੇਗਾ[12]। ਪਟਿਆਲਾ-ਪਤੀ, ਮਹਾਰਾਜਾ ਕਰਮ ਸਿੰਘ ਨੇ, ਆਪ ਦੀ ਪ੍ਰਸਿੱਧੀ ਸੁਣ ਕੇ ਆਪ ਦੇ ਵਿਦਿਆ-ਦਾਤਾ, ਗਿਆਨੀ ਸੰਤ ਸਿੰਘ ਜੀ ਦੀ ਸ਼ਿਫਾਰਸ਼ ਉੱਤੇ ਆਪ ਨੂੰ ਆਪਣੇ ਪਾਸ ਬੁਲਾ ਲਿਆ। ਇੱਥੇ ਆਪ ਨੂੰ ਰਿਹਾਇਸ਼ ਲਈ ਸ਼ਾਹੀ ਹਵੇਲੀ ਤੇ ਸਵਾਰੀ ਲਈ ਹਾਥੀ ਮਿਲਿਆ, ਲੰਗਰ ਲਈ ਰਸਦਾਂ ਲੱਗ ਗਈਆਂ ਤੇ ਹੋਰ ਖ਼ਰਚ ਲਈ ਰੋਜ਼ੀਨਾ ਵੀ ਮੁਕੱਰਰ ਹੋ ਗਿਆ। ਪਰੰਤੂ ਦਰਬਾਰ ਦੇ ਉੱਚ-ਜਾਤੀਏ ਘੁਮੰਡੀ ਵਿਦਵਾਨਾਂ ਦੀ ਦੁਖਦਾਈ ਖੁਣਸ ਦਾ ਮੂੰਹ ਦੇਖਣਾ ਪਿਆ।[13] ਪਟਿਆਲਾ ਰਿਹਾਇਸ਼ ਸਮੇਂ ਆਪ ਸੰਤ ਬੀਰ ਸਿੰਘ ਦੇ ਡੇਰੇ ਕਥਾ ਕਰਦੇ ਅਤੇ ਵਿਦਿਆਰਥੀਆਂ ਨੂੰ ਪੜ੍ਹਾਇਆ ਵੀ ਕਰਦੇ ਸਨ।

ਕੈਥਲ ਪੁੱਜਣਾ

ਕਵੀ ਜੀ ਦਾ ਪਟਿਆਲੇ ਤੋਂ ਕੈਥਲ ਜਾਣਾ ਵੀ ਓਨੀ ਹੀ ਭੇਦਭਰੀ ਗੱਲ ਹੈ, ਜਿੰਨੀ ਕਿ ਉਨ੍ਹਾਂ ਦਾ ਬੂੜੀਏ ਤੋਂ ਪਟਿਆਲੇ ਪਹੁੰਚਣਾ। ਆਮ ਪ੍ਰਸਿੱਧ ਗੱਲ ਇਹ ਹੈ ਕਿ *ਸ੍ਰੀ ਗੁਰੂ ਨਾਨਕ ਪ੍ਰਕਾਸ਼* ਦੀ ਉੱਚੀ ਕਵਿਤਾ ਤੇ ਰਸਦਾਇਕ ਪ੍ਰਸੰਗਾਂ ਨੂੰ ਸੁਣ ਕੇ ਕੈਥਲ ਦੇ ਰਾਜਾ ਉਦਯ ਸਿੰਘ ਨੇ ਕਵੀ ਜੀ ਨੂੰ ਮਹਾਰਾਜਾ ਪਟਿਆਲਾ ਪਾਸੋਂ ਮੰਗ ਲਿਆ ਤੇ ਉਨ੍ਹਾਂ ਨੇ ਉਸ ਦੀ ਬੇਨਤੀ ਮੰਨ ਕੇ ਆਪ ਨੂੰ ਕੈਥਲ ਭੇਜ ਦਿੱਤਾ। ਪ੍ਰਤੀਤ ਹੁੰਦਾ ਹੈ ਕਿ ਭਾਈ ਸਾਹਿਬ ਨੇ ਵੀ ਪਟਿਆਲੇ ਦੇ ਖੁਣਸੀਆਂ ਹੱਥੋਂ ਛੁਟਕਾਰਾ ਪਾਉਣ ਤੇ ਨਾ-ਕਦਰੀ ਨਾਲੋਂ ਕਦਰ ਵਾਲੀ ਥਾਂ ਉੱਤੇ ਜਾ ਕੇ ਜੀਵਨ ਬਤੀਤ ਕਰਨ ਨੂੰ ਵਧੇਰੇ ਚੰਗਾ ਮੰਨਿਆ, ਭਾਵੇਂ ਕੈਥਲ ਦੀ ਰਿਆਸਤ, ਪਟਿਆਲੇ ਨਾਲੋਂ ਕਿਤੇ ਛੋਟੀ ਸੀ।

ਕੈਥਲ ਦੇ ਮਹਾਰਾਜਾ ਉਦਯ ਸਿੰਘ ਨੇ ਭਾਈ ਸੰਤੋਖ ਸਿੰਘ ਨੂੰ ਬਹੁਤ ਆਦਰ-ਮਾਣ ਦਿੱਤਾ ਤੇ ਉਨ੍ਹਾਂ ਦੇ ਰਹਿਣ ਨੂੰ ਇਕ ਸ਼ਾਨਦਾਰ ਹਵੇਲੀ ਬਖ਼ਸ਼ ਦਿੱਤੀ, ਜਿਸ ਦੀ ਡਿਉੜੀ ਵਿੱਚੋਂ ਹਾਥੀ ਤਕ, ਹੁੱਦੇ ਸਮੇਤ, ਲੰਘ ਜਾਂਦਾ ਸੀ। ਇਸ ਦੇ ਨਾਲ ਹੀ ਲੋੜੀਂਦੀ ਰਸਦ, ਨੌਕਰ-ਚਾਕਰ ਤੇ ਦੋ ਰੁਪੈ ਰੋਜ਼ ਜੇਬ-ਖ਼ਰਚ ਲਈ ਮਨਜ਼ੂਰ ਕੀਤੇ। ਭਾਈ ਸਾਹਿਬ ਦੇ ਕੈਥਲ ਪਹੁੰਚਣ ਦਾ ਸਾਲ 1825 ਈ. ਦੱਸੀਦਾ ਹੈ। ਕੈਥਲ ਆਪ ਜੀ

12. *ਸੂਰਜ ਗ੍ਰੰਥ*. (ਪ੍ਰਸਤਾਵਨਾ), ਪੰਨੇ 100-02.
13. *ਉਹੀ*, ਪੰਨਾ 103.

ਨੂੰ ਐਸਾ ਭਾਇਆ ਤੇ ਰਾਜੇ ਵੱਲੋਂ ਐਸਾ ਸਤਿਕਾਰ ਮਿਲਿਆ ਕਿ ਆਪ ਸਦਾ ਲਈ ਕੈਥਲ ਦੇ ਹੀ ਹੋ ਗਏ। ਇੱਥੇ ਆਪ ਦਾ ਨਿਵਾਸ ਬ੍ਰਾਹਮਣਾਂ ਦੇ ਮਹੱਲੇ ਵਿਚ 'ਸ਼ੇਰਾਂ ਵਾਲੀ' ਹਵੇਲੀ ਵਿਚ ਹੁੰਦਾ ਸੀ।

'ਗਰਬ ਗੰਜਨੀ' ਟੀਕਾ ਦੀ ਰਚਨਾ

ਕੈਥਲ ਵਿਚ ਕਥਾ, ਆਦਿ ਦੇ ਕੰਮ ਤੋਂ ਛੁੱਟ ਸਾਹਿੱਤ ਦਾ ਜੋ ਸਭ ਤੋਂ ਪਹਿਲਾ ਕੰਮ ਹੋਇਆ, ਉਹ *ਸ੍ਰੀ ਜਪੁਜੀ* ਸਾਹਿਬ ਦਾ ਟੀਕਾ *ਗਰਬ ਗੰਜਨੀ* ਦਾ ਲਿਖਿਆ ਜਾਣਾ ਸੀ। ਇਹ ਕੈਥਲ ਦੇ ਰਾਜਾ ਉਦਯ ਸਿੰਘ ਦੀ ਪ੍ਰੇਰਣਾ ਨਾਲ ਲਿਖਿਆ ਗਿਆ। ਰਾਜਾ ਸਾਹਿਬ ਨੂੰ ਇਕ ਉਦਾਸੀ ਸਾਧੂ ਆਨੰਦ ਘਨ[14] ਦੇ ਲਿਖੇ *ਟੀਕਾ ਜਪੁਜੀ ਸਾਹਿਬ* ਪੜ੍ਹਨ ਦਾ ਮੌਕਾ ਬਣਿਆ। ਉਸ ਵਿਚ ਗੁਰਮਤਿ ਦੇ ਉਲਟ ਬਹੁਤ ਸਾਰੀਆਂ ਗੱਲਾਂ ਲਿਖੀਆਂ ਹੋਈਆਂ ਸਨ, ਜਿਵੇਂ ਕਿ ਗੁਰੂ ਜੀ ਦੇ ਛੇ ਗੁਰੂ ਸਨ। ਉਸ ਦਾ ਲਿਖਣ-ਢੰਗ ਵੀ ਹੰਕਾਰ ਨਾਲ ਭਰਿਆ ਹੋਇਆ ਸੀ। ਜਿੱਥੇ ਕਿਤੇ ਆਪਣੇ ਵੱਲੋਂ ਉਹ ਕੋਈ ਨਵੀਂ ਗੱਲ ਪੇਸ਼ ਕਰਦਾ, ਉਹ ਉਸ ਨੂੰ ਦੂਜੇ ਟੀਕਾਕਾਰਾਂ ਦੇ "ਮੁਖ ਤੇ ਚਪੇਟਿਕਾ" ਦੱਸਦਾ ਅਤੇ ਦੂਜੇ ਵਿਦਵਾਨਾਂ ਨੂੰ "ਅੜਬੰਗੀ" ਪਦ ਨਾਲ ਯਾਦ ਕਰਦਾ[15]। ਮਹਾਰਾਜਾ ਉਦਯ ਸਿੰਘ ਨੂੰ ਉਸ ਦੀ ਇਸ ਹੈਂਕੜ ਅਤੇ ਮਨਮੱਤੀ ਅਰਥਾਂ ਉੱਤੇ ਬੜਾ ਦੁੱਖ ਹੋਇਆ। ਉਨ੍ਹਾਂ ਭਾਈ ਸੰਤੋਖ ਸਿੰਘ ਨੂੰ ਅਨੰਦ ਘਨ ਦਾ ਹੰਕਾਰ ਤੋੜਨ ਲਈ *ਸ੍ਰੀ ਜਪੁਜੀ* ਸਾਹਿਬ ਦਾ "*ਅਲੰਕਾਰਿਕ*" ਟੀਕਾ ਲਿਖਣ ਲਈ ਕਿਹਾ। ਇਹ ਟੀਕਾ ਸੰਮਤ 1886/1829 ਈ. ਵਿਚ ਪੂਰਾ ਹੋਇਆ ਤੇ ਇਸ ਦਾ ਨਾਂ ਭਾਈ ਸਾਹਿਬ ਨੇ *ਗਰਬ ਗੰਜਨੀ* ਰੱਖਿਆ, ਜਿਸ ਦਾ ਭਾਵ ਇਹ ਹੈ ਕਿ ਇਹ ਟੀਕਾ, ਅਨੰਦ ਘਨ ਵਰਗੇ ਅਭਿਮਾਨੀ ਟੀਕਾਕਾਰ ਦਾ ਹੰਕਾਰ ਤੋੜਨ ਵਾਲਾ ਹੈ।

'ਬਾਲਮੀਕੀ ਰਾਮਾਯਣ' ਦਾ ਅਨੁਵਾਦ

ਗਰਬ ਗੰਜਨੀ ਦੀ ਸਮਾਪਤੀ ਪਿੱਛੋਂ ਭਾਈ ਸਾਹਿਬ ਨੇ ਬਾਲਮੀਕੀ *ਰਾਮਾਯਣ* ਨੂੰ ਸੰਸਕ੍ਰਿਤ ਵਿੱਚੋਂ ਭਾਖਾ ਵਿਚ ਉਲਥਾਉਣ ਦਾ ਬੀੜਾ ਚੁੱਕਿਆ। ਭਾਈ ਸਾਹਿਬ ਦੇ ਵਿਦਿਆ-ਦਾਤਾ ਨੇ ਤੁਲਸੀ ਦਾਸ ਦੀ *ਰਾਮਾਯਣ* ਦਾ ਅਨੁਵਾਦ ਵਾਰਤਕ ਵਿਚ ਕੀਤਾ ਸੀ। ਉਸ ਤੋਂ ਪ੍ਰੇਰਣਾ ਲੈ ਕੇ, ਜਾਂ ਸ਼ਾਇਦ ਮਹਾਰਾਜੇ ਦੇ ਕਹਿਣ ਉੱਤੇ, ਇਹ ਕੰਮ ਹੱਥ ਵਿਚ ਲਿਆ ਗਿਆ। *ਰਾਮਾਯਣ* ਦੀ ਕਥਾ ਸੁਣਨਾ ਉਸ ਸਮੇ ਦੇ ਹਿੰਦੂ-ਸਿੱਖ ਘਰਾਣਿਆਂ ਵਿਚ ਬੜਾ ਪਵਿੱਤਰ ਕੰਮ ਮੰਨਿਆ ਜਾਂਦਾ ਸੀ। ਕਥਾ ਤੁਲਸੀ ਦੀ ਜਾਂ ਬਾਲਮੀਕ ਦੀ *ਰਾਮਾਯਣ* ਤੋਂ ਹੁੰਦੀ ਸੀ। ਬਾਲਮੀਕੀ *ਰਾਮਾਯਣ* ਸੰਸਕ੍ਰਿਤ ਵਿਚ ਸੀ। ਭਾਈ ਸੰਤੋਖ ਸਿੰਘ ਨੇ ਇਸ ਨੂੰ, ਸਰੋਤਿਆਂ ਦੇ ਲਾਭ ਲਈ, ਭਾਖਾ ਵਿਚ ਉਲਥਾਉਣ ਦਾ ਵਿਚਾਰ ਬਣਾਇਆ। ਦੂਜੇ ਪਾਸੇ ਬਾਕੀ ਗੁਰੂਆਂ ਦਾ ਇਤਿਹਾਸ ਲਿਖਣ ਲਈ ਸਾਮਗ੍ਰੀ ਹਾਲੇ ਇਕੱਤਰ ਨਹੀਂ ਹੋਈ ਸੀ। ਇਸ ਲਈ, ਕਵੀ ਜੀ ਨੇ ਇਸ ਕੰਮ ਨੂੰ ਹੱਥ ਵਿਚ ਲੈਣਾ ਯੋਗ ਸਮਝਿਆ।

ਰਾਮਾਯਣ ਦਾ ਟੀਕਾ ਚੇਤਰ 1891ਬਿ./1834 ਈ. ਵਿਚ ਮੁੱਕਾ। ਇਸ ਉੱਤੇ ਕੇਵਲ ਦੋ ਸਾਲ ਲੱਗੇ। ਮਹਾਰਾਜਾ ਇਸ ਦੇ ਅਨੁਵਾਦ ਤੇ ਇੰਨਾ ਪ੍ਰਸੰਨ ਹੋਇਆ ਕਿ ਉਸ ਨੇ ਇਸ ਦੀ ਸਮਾਪਤੀ ਉੱਤੇ 'ਮੋਰਥਲੀ'ਨਾਂ ਦਾ ਪਿੰਡ ਭਾਈ ਸਾਹਿਬ ਨੂੰ ਇਨਾਮ ਵਿਚ ਦਿੱਤਾ। ਇਸ ਦੇ ਉਤਾਰੇ ਵੀ ਲੋਕ ਨਾਲੋ-ਨਾਲ ਕਰ ਕੇ ਲੈ ਗਏ।[16] ਇਹ ਗੱਲ ਭਾਈ ਸਾਹਿਬ ਦੀ ਦਿਨੋ-ਦਿਨ ਵਧਦੀ ਪ੍ਰਸਿੱਧੀ ਦਾ ਪਤਾ ਦੇਂਦੀ ਹੈ।

'ਆਤਮ ਪੁਰਾਣ' ਦਾ ਟੀਕਾ

ਕਵੀ ਜੀ *ਗੁਰ ਪ੍ਰਤਾਪ ਸੂਰਜ ਗ੍ਰੰਥ*, ਰਾਸ,(1) ਅੰਸੂ 5 ਵਿਚ ਦੱਸਦੇ ਹਨ ਕਿ *ਰਾਮਾਯਣ* ਦੇ ਟੀਕੇ ਮਗਰੋਂ ਸੰਮਤ 1891/1834 ਈ. ਦੇ ਏੜ ਗੇੜ ਵਿਚ, ਉਨ੍ਹਾਂ ਨੇ *ਆਤਮ ਪੁਰਾਣ* ਨਾਮਕ ਗ੍ਰੰਥ ਦਾ ਟੀਕਾ ਕੀਤਾ। *ਆਤਮ ਪੁਰਾਣ* ਸੰਸਕ੍ਰਿਤ ਦਾ ਗ੍ਰੰਥ ਹੈ ਤੇ ਇਕ ਪ੍ਰਕਾਰ ਉਪਨਿਖਦਾਂ ਦਾ ਸੰਚਯ ਹੈ ਤੇ ਵੇਦਾਂਤ ਦਾ

---

14. ਗਿ. ਖਜ਼ਾਨ ਸਿੰਘ ਨੇ ਆਪਣੇ ਦੁਆਰਾ ਸੰਪਾਦਿਤ ਪੁਸਤਕ : *ਜੀਵਨ ਕਥਾ* ਵਿਚ ਅਨੰਦ ਘਨ ਨੂੰ "ਕੈਥਲ ਦਾ ਸਾਧੂ" ਲਿਖਿਆ ਹੈ। ਪਰ ਇਹ ਭੁੱਲ ਹੈ। ਅਨੰਦ ਘਨ ਦਾ ਮੁੱਖ ਸਥਾਨ ਡੇਰਾ ਬਾਬਾ ਨਾਨਕ ਸੀ ਤੇ ਰਿਹਾਇਸ਼ ਕਾਸ਼ੀ ਵਿਚ ਵੀ ਸੀ। ਉਹ ਕਵੀ ਸੰਤੋਖ ਸਿੰਘ ਜੀ ਤੋਂ ਦੋ ਤਿੰਨ ਦਹਾਕੇ ਪਹਿਲਾਂ ਹੋਇਆ। ਉਸ ਨੇ *ਜਪੁਜੀ ਸਾਹਿਬ* ਦਾ ਟੀਕਾ 1852 ਬਿ./1795 ਈ. ਵਿਚ ਸਮਾਪਤ ਕੀਤਾ।
    ਦੇਖੋ, *ਗੁਰਬਾਣੀ ਟੀਕੇ-ਅਨੰਦਘਨ* (ਸੰਪਾ. ਰਤਨ ਸਿੰਘ ਜਗੀ), ਪਟਿਆਲਾ, ਪਤ੍ਰਾ ਪੰਨੇ 8-11.
15. *ਉਹੀ* , ਪੰਨਾ 15; ਹੱਥ-ਲਿਖਤ ਨੰਬਰ 160 ਨਿਜੀ ਪੁਸਤਕਾਲਾ ਪ੍ਰੋ. ਪ੍ਰੀਤਮ ਸਿੰਘ.
16. *ਸੂਰਜ ਗ੍ਰੰਥਾਂ* (ਪ੍ਰਸਤਾਵਨਾ), ਪੰਨੇ 126-128.

ਮੂਲਿਕ ਗ੍ਰੰਥ ਵੀ ਹੈ।[17] ਭਾਈ ਸਾਹਿਬ ਦਾ ਇਹ ਗ੍ਰੰਥ ਅੱਜ-ਕਲ ਦੁਰਲੱਭ ਹੈ, ਪਰ ਇਸ ਦਾ ਸਾਰੰਸ਼ ਉਨ੍ਹਾਂ ਦੇ ਵੱਡੇ ਗ੍ਰੰਥ, *ਗੁਰਪ੍ਰਤਾਪ ਸੂਰਜ* ਵਿਚ ਟਾਂਕਿਆ ਦੇਖਿਆ ਜਾ ਸਕਦਾ ਹੈ।[18]

'ਗੁਰਪ੍ਰਤਾਪ ਸੂਰਜ' ਦੀ ਰਚਨਾ

ਬੂੜੀਆਂ-ਨਿਵਾਸ ਸਮੇਂ, *ਸ੍ਰੀ ਗੁਰ ਨਾਨਕ ਪ੍ਰਕਾਸ਼* ਦੀ ਰਚਨਾ ਦੇ ਪਿੱਛੋਂ, ਕਵੀ ਜੀ ਦੀ ਇਹ ਤਾਂਘ ਬਣੀ ਰਹੀ ਕਿ ਬਾਕੀ ਗੁਰੂ ਸਾਹਿਬਾਂ ਦਾ ਇਤਿਹਾਸ ਵੀ ਲਿਖਿਆ ਜਾਵੇ, ਪਰ ਇਹ ਕੰਮ ਚੋਖੇ ਚਿਰ ਤਕ ਹੱਥ ਵਿਚ ਲਿਆ ਜਾਣਾ ਸੰਭਵ ਨ ਹੋ ਸਕਿਆ। ਇਸ ਦਾ ਕਾਰਣ, ਜਿਵੇਂ ਕਿ ਕਵੀ ਜੀ ਦੀ ਆਪਣੀ ਲਿਖਤ ਵਿੱਚੋਂ ਜ਼ਾਹਰ ਹੈ, ਲੋੜੀਂਦੀ ਸਾਮਗ੍ਰੀ ਦੀ ਘਾਟ ਸੀ। ਜਦੋਂ ਲੋੜੀਂਦੀ ਸਾਮਗ੍ਰੀ ਇਕੱਤਰ ਹੋ ਗਈ ਤਾਂ ਕਵੀ ਨੇ ਇਸ ਮਹਾਨ ਗ੍ਰੰਥ ਨੂੰ ਰਚਣ ਦਾ ਕੰਮ 1892 ਬਿ./1835 ਈ. ਵਿਚ ਆਰੰਭ ਕਰ ਦਿੱਤਾ। ਇਸ ਨੂੰ ਰਚਣ ਵਿਚ ਲਗਭਗ ਨੌਂ-ਦਸ ਸਾਲ ਲੱਗ ਗਏ। ਇਹ ਗ੍ਰੰਥ 1900 ਬਿ./1843 ਈ. ਦੇ ਸਾਵਣ ਦੇ ਮਹੀਨੇ ਵਿਚ ਮੁੱਕਾ। ਇਸ ਦੇ ਉਤਾਰੇ ਨਾਲੋ-ਨਾਲ ਹੁੰਦੇ ਜਾਂਦੇ ਰਹੇ। *ਗੁਰਪ੍ਰਤਾਪ ਸੂਰਜ* ਗ੍ਰੰਥ ਦੀ ਰਚਨਾ ਕਵੀ ਨੇ ਬੜੀ ਜਾਨ ਮਾਰ ਕੇ ਕੀਤੀ। ਇਸ ਸਮੇਂ ਉਨ੍ਹਾਂ ਦੇ ਕਮਜ਼ੋਰ ਹੋ ਜਾਣ ਦੀ ਟੋਹ ਮਿਲਦੀ ਹੈ। 14 ਮਾਰਚ, 1843 ਨੂੰ ਕਵੀ ਦਾ ਸਰਪ੍ਰਸਤ, ਮਹਾਰਾਜਾ ਉਦਯ ਸਿੰਘ ਚਲਾਣਾ ਕਰ ਗਿਆ। ਇਸ ਦੇ ਛੇਤੀ ਪਿੱਛੋਂ ਮਹਾਰਾਜਾ ਦੇ ਨਿਰਸੰਤਾਨ ਮਰਨ ਕਾਰਣ ਕੈਥਲ ਵਿਚ ਹਫੜਾ-ਦਫੜੀ ਮੱਚ ਗਈ ਤੇ ਸ਼ਹਿਰ ਲੁੱਟਿਆ ਗਿਆ। ਚੰਗੇ ਭਾਗਾਂ ਨੂੰ ਕਵੀ ਦਾ ਮਕਾਨ ਇਸ ਲੁੱਟ-ਮਾਰ ਤੋਂ ਬਚ ਗਿਆ ਤੇ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਸਾਰੀ ਉਮਰ ਦੀ ਮਿਹਨਤ ਵੀ ਨਸ਼ਟ ਹੋਣੋਂ ਬਚ ਗਈ। ਕਵੀ ਜੀ ਨੇ ਇਸ ਘਟਨਾ ਦਾ ਜ਼ਿਕਰ ਆਪਣੇ ਇਕ ਛੰਦ ਵਿਚ ਇਸ ਤਰ੍ਹਾਂ ਕੀਤਾ ਹੈ :

ਪਰੀ ਲੂਟ ਕਪਿਥਲ ਵਿਖੇ ਮਿਲੇ ਚੋਰ ਬਟ ਮਾਰ ॥
ਆਪ ਆਪ ਕੋ ਭਜ ਚਲੇ ਤਜਿ ਪੁਰਿ ਸਭਿ ਇਕ ਬਾਰ ॥ 36 ॥
ਸਿੰਘ ਫਿਰੰਗੀ ਗਹਿ ਲਏ ਕੈਦ ਕਰੇ ਵਥੁ ਛੀਨਿ ॥
ਸੰਤਨਿ ਕੇ ਅਸਥਾਨ ਭੀ ਲੂਟਿ ਕੂਟਿ ਭੈ ਦੀਨਿ ॥ 37 ॥
ਅਸ ਅਪਦਾ ਕੇ ਦਿਨਨਿ ਮਹਿਂ ਸਤਿਗੁਰ ਭਏ ਸਹਾਇ ॥
ਭਯੋ ਨਾ ਬੰਕੋ ਬਾਰ ਭੀ ਦੈ ਦੈ ਹਾਥਿ ਬਚਾਇ ॥ 38 ॥
(ਐਨ 2, ਅੰਸੂ 36)

ਕਵੀ ਦੀ ਇੱਛਾ ਸਾਰੀ ਉਮਰ ਦੀ ਕਮਾਈ ਨੂੰ ਆਪਣੇ ਹੱਥੀਂ ਗੁਰੂ ਦੇ ਚਰਨਾਂ ਵਿਚ ਭੇਂਟ ਕਰਨ ਦੀ ਸੀ। ਇਸ ਲਈ ਉਹ ਆਪਣੇ ਹੱਥ ਦੇ ਲਿਖੇ ਗ੍ਰੰਥ ਦੀ ਨਕਲ ਲੈ ਕੇ, ਪਰਿਵਾਰ ਸਮੇਤ, ਅੰਮ੍ਰਿਤਸਰ ਪਹੁੰਚੇ ਅਤੇ ਇਕ ਰਵਾਇਕ ਅਨੁਸਾਰ ਆਪਣੇ ਵਿਦਿਆ-ਦਾਤਾ ਗਿਆਨੀ ਸੰਤ ਸਿੰਘ ਜੀ ਦੇ ਸੁਯੋਗ ਪੁੱਤਰ ਗਿਆਨੀ ਗੁਰਮੁਖ ਸਿੰਘ ਜੀ ਨੂੰ ਨਾਲ ਲੈ ਕੇ ਇਹ ਭੇਟਾ ਅਕਾਲ ਬੁੰਗੇ ਆ ਪੇਸ਼ ਕੀਤੀ[19]। ਅਕਾਲ ਬੁੰਗੇ ਪਹੁੰਚਣ ਦਾ ਸਮਾਂ ਕਿਸੇ ਲਿਖਤ ਵਿੱਚੋਂ ਨਹੀਂ ਮਿਲਿਆ ਪਰ ਅਨੁਮਾਨ ਇਹ ਹੈ ਕਿ ਕਵੀ ਜੀ ਨੇ ਵਿਸਾਖੀ ਦਾ ਪਵਿੱਤਰ ਤਿਉਹਾਰ ਇਸ ਮਤਲਬ ਲਈ ਚੁਣਿਆ ਹੋਵੇਗਾ। ਇਹ ਤਾਰੀਖ਼ ਜਚਦੀ ਹੈ ਕਿਉਂ ਜੋ ਗ੍ਰੰਥ ਚੇਤਰ ਦੇ ਮਹੀਨੇ ਸੰਮਤ 1900(1844 ਈ.) ਵਿਚ ਮੁੱਕਿਆ। ਗਿਆਨੀ ਗੁਰਮੁਖ ਸਿੰਘ ਜੀ, ਰਪੋਟ *ਸ੍ਰੀ ਦਰਬਾਰ ਸਾਹਿਬ* ਅਨੁਸਾਰ ਸੰਨ 1841ਈ. ਵਿਚ ਚਲਾਣਾ ਕਰ ਚੁੱਕੇ ਸਨ[20], ਇਸ ਲਈ ਜਾਂ ਤਾਂ ਰਪੋਟ ਵਿਚ ਦਰਜ ਚਲਾਣੇ ਦੀ ਮਿਤੀ ਗ਼ਲਤ ਹੈ ਜਾਂ ਗਿਆਨੀ ਗੁਰਮੁਖ ਸਿੰਘ ਰਾਹੀਂ ਗ੍ਰੰਥ ਭੇਟ ਕੀਤੇ ਜਾਣ ਦੀ ਰਵਾਇਤ ਠੀਕ ਨਹੀਂ। ਹੋ ਸਕਦਾ ਹੈ ਕਿ *ਸੂਰਜ ਪ੍ਰਕਾਸ਼* ਦੀ ਭੇਟਾ ਗਿਆਨੀ ਗੁਰਮੁਖ ਸਿੰਘ ਜੀ ਦੇ ਸੁਪੁੱਤਰ ਗਿਆਨੀ ਪ੍ਰਦੁਮਨ ਸਿੰਘ ਰਾਹੀਂ ਕੀਤੀ ਗਈ ਹੋਵੇ ਤੇ ਰਵਾਇਤ ਕਰਨ ਵਾਲਿਆਂ ਨੇ ਭੁਲੇਖੇ ਨਾਲ ਇਹ ਕਹਾਣੀ ਭਾਈ ਗੁਰਮੁਖ ਸਿੰਘ ਨਾਲ ਜੋੜ ਦਿੱਤੀ ਹੋਵੇ।

---

17. *ਉਹੀ*, ਪੰਨਾ 133.
18. ਦੇਖੋ, *ਸੂਰਜ ਗ੍ਰੰਥ*. ਜਿਲਦ 13, ਪੰਨੇ 5655-67 (ਰੁਤ ਪੰਜਵੀਂ, ਅੰਸੂ 42-43).
19. *ਸੂਰਜ ਗ੍ਰੰਥ*. (ਪ੍ਰਸਤਾਵਨਾ), ਪੰਨਾ 159 ; *ਜੀਵਨ ਕਥਾ*, ਪੰਨਾ 39.
20. ਪੰਨੇ 24-25.

ਭਾਈ ਵੀਰ ਸਿੰਘ ਜੀ, ਇਸ ਭੇਟਾ ਕੀਤੀ ਗਈ ਸੈਂਚੀ ਨੂੰ, ਮਹਾਰਾਜਾ ਸ਼ੇਰ ਸਿੰਘ ਦੇ ਕਤਲ ਪਿੱਛੋਂ ਹੋਈ ਉਸ ਗੜਬੜ ਵਿਚ ਨਸ਼ਟ ਹੋਈ ਮੰਨਦੇ ਹਨ, ਜਿਸ ਵਿਚ ਗਿਆਨੀ ਗੁਰਮੁਖ ਸਿੰਘ ਮਾਰੇ ਗਏ ਸਨ[21]। ਇਹ ਘਟਨਾ ਵੀ ਸੰਮਤ 1900(1844 ਈ.) ਵਿਚ ਹੀ ਵਾਪਰੀ । ਮਹਾਰਾਜਾ ਸ਼ੇਰ ਸਿੰਘ ਦੀ ਮ੍ਰਿਤੂ *ਮਹਾਨ ਕੋਸ਼* ਅਨੁਸਾਰ 18 ਸਤੰਬਰ 1843 ਨੂੰ ਹੋਈ, ਇਸ ਲਈ ਹੋ ਸਕਦਾ ਹੈ ਕਿ ਗਿਆਨੀ ਗੁਰਮੁਖ ਸਿੰਘ ਜੀ ਗ੍ਰੰਥ ਭੇਟ ਹੋਣ ਦੇ ਛੇਤੀ ਪਿੱਛੋਂ ਹੀ ਇਸ ਵਾ-ਵਰੋਲੇ ਦੀ ਲਪੇਟ ਵਿਚ ਆ ਗਏ ਹੋਣ। ਇਸ ਸੂਰਤ ਵਿਚ ਉਨ੍ਹਾਂ ਦੀ ਮ੍ਰਿਤੂ ਠੀਕ 1844 ਈ. ਵਿਚ ਹੀ ਹੋਈ ਮੰਨੀ ਜਾਏਗੀ।

ਕਹਿੰਦੇ ਹਨ ਕਿ ਜਦੋਂ ਕਵੀ ਜੀ ਅੰਮ੍ਰਿਤਸਰ ਪਹੁੰਚੇ ਤਾਂ ਆਪ ਬਹੁਤ ਕਮਜ਼ੋਰ ਸਨ। ਕਵੀ ਜੀ ਦੀ ਕਮਜ਼ੋਰੀ ਨੂੰ ਵੇਖ ਕੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਪਾਲਕੀ ਵਿਚ ਬਿਠਾ ਕੇ ਸ੍ਰੀ ਹਰਿਮੰਦਰ ਦੇ ਦਰਸ਼ਨ-ਦੀਦਾਰ ਲਈ ਲਿਜਾਣਾ ਚਾਹਿਆ, ਪਰ ਕਵੀ ਜੀ ਨੇ ਇਹ ਯਾਤਰਾ ਪੈਦਲ ਚੱਲ ਕੇ ਹੀ ਕੀਤੀ।

ਚਲਾਣਾ

ਅੰਮ੍ਰਿਤਸਰ ਦੀ ਯਾਤਰਾ ਪਿੱਛੋਂ, ਕਵੀ ਜੀ ਬਹੁਤ ਚਿਰ ਨਾ ਜੀਵੇ। ਤਿੰਨਾਂ ਮਹੀਨਿਆਂ ਪਿੱਛੋਂ ਹੀ ਅੰਤਿਮ ਸੱਦਾ ਆ ਗਿਆ, ਜਿਸ ਦੀ ਪਾਲਨਾ ਵਿਚ ਆਪ ਨੇ 6 ਕਤਕ 1900 ਬਿ., ਮੁਤਾਬਕ 21 ਅਕਤੂਬਰ 1844 ਈ. ਨੂੰ ਆਪਣਾ ਸਰੀਰ ਤਿਆਗ ਦਿੱਤਾ। ਉਸ ਸਮੇਂ ਆਪ ਦੀ ਉਮਰ 56 ਸਾਲ 1 ਮਹੀਨਾ ਸੀ[22]।

ਕੈਥਲ ਦਰਬਾਰ ਵਿਚ ਮਾਨ-ਪ੍ਰਤਿਸ਼ਠਾ

ਕੈਥਲ-ਪਤੀ ਰਾਜਾ ਉਦਯ ਸਿੰਘ ਭਾਈ ਸਾਹਿਬ ਭਾਈ ਸੰਤੋਖ ਸਿੰਘ ਦੀ ਬੜੀ ਕਦਰ ਕਰਦਾ ਸੀ ਤੇ ਭਾਈ ਸਾਹਿਬ ਨੂੰ ਵੀ ਉਸ ਨਾਲ ਖ਼ਾਸ ਸਨੇਹ ਸੀ। ਇਹ ਸਨੇਹ ਰਾਜੇ ਦੇ ਕੇਵਲ ਵਿਦਿਆ ਦਾ ਕਦਰਦਾਨ ਹੋਣ ਕਰਕੇ ਪੈਦਾ ਨਹੀਂ ਹੋਇਆ ਸੀ, ਸਗੋਂ ਇਸ ਪਿੱਛੇ ਉਸ ਦੇ ਸਿੱਖੀ ਖ਼ਿਆਲਾਂ ਦਾ ਵੀ ਹੱਥ ਸੀ। ਦੱਸਿਆ ਜਾਂਦਾ ਹੈ ਕਿ ਰਾਜਾ ਆਪਣੇ ਆਪ ਨੂੰ "ਰਾਜਾ" ਨਹੀਂ, "ਭਾਈ ਸਾਹਿਬ" ਅਖਵਾ ਕੇ ਪ੍ਰਸੰਨ ਹੁੰਦਾ ਸੀ ਤੇ ਇਹ ਚੀਜ਼ ਸਿੱਖੀ ਦੀ ਪਰੰਪਰਾ ਨੂੰ ਪਿਆਰ ਕਰਨ ਵਾਲੇ ਭਾਈ ਸੰਤੋਖ ਸਿੰਘ ਨੂੰ ਬਹੁਤ ਪਸੰਦ ਸੀ[23]। ਰਾਜੇ ਨੇ ਭਾਈ ਸਾਹਿਬ ਨੂੰ ਆਪਣਾ ਸਲਾਹਕਾਰ ਵੀ ਥਾਪ ਲਿਆ ਸੀ। ਕਈ ਵਾਰੀ ਆਪ ਨੂੰ ਹੋਰਨਾਂ ਪਤਿਵੰਤਿਆਂ ਕੋਲ ਰਾਜੇ ਦਾ ਦੂਤ ਬਣ ਕੇ ਜਾਣਾ ਪੈਂਦਾ ਸੀ ਤੇ ਬਾਹਰੋਂ ਆਏ ਮਹਿਮਾਨਾਂ ਦਾ ਸੁਆਗਤ ਵੀ ਕਰਨਾ ਪੈਂਦਾ ਸੀ[24]। ਸਨੇਹ ਦੇ ਬੱਧੇ ਕਵੀ ਜੀ ਨੇ ਰਾਜਾ ਸਾਹਿਬ ਦੀ ਬੀਮਾਰੀ ਦੇ ਕੱਟੇ ਜਾਣ ਲਈ 6 ਬੰਦਾਂ ਦੀ ਇਕ ਅਰਦਾਸ ਰਚੀ ਸੀ, ਜਿਸ ਦਾ ਹਰ ਬੰਦ ਕਵੀ ਦੇ ਦਿਲੋਂ ਨਿਕਲੀ ਇਸ ਹੂਕ ਉੱਤੇ ਮੁੱਕਦਾ ਹੈ[25] :

ਗੁਰ ਤੇਗ਼ ਬਹਾਦਰ ਸੰਕਟ ਭੰਜਨ
ਕੈਥਲ ਨਾਥ ਕੇ ਹੋਹੁ ਸਹਾਈ ॥

ਇਸੇ ਸਨੇਹ ਕਰਕੇ ਕਵੀ ਨੇ ਇਕ ਬਿਰਧ ਮਾਈ ਨੂੰ, ਜਿਸ ਦੇ ਪੁੱਤਰ ਨੂੰ, ਇਕ ਸਨਿਆਸੀ, ਰਾਮਗਿਰ, ਆਪਣੇ ਕੋਲ ਧਿੱਕੋਜ਼ੋਰੀ ਚੇਲਾ ਬਣਾ ਕੇ ਰੱਖਣਾ ਚਾਹੁੰਦਾ ਸੀ, ਰਾਜੇ ਪਾਸੋਂ ਨਿਆਂ ਲੈ ਦਿੱਤਾ[26]।

ਨਿੱਤ ਦਾ ਕਾਰਜ

ਭਾਈ ਵੀਰ ਸਿੰਘ ਜੀ ਨੇ ਮਿਲਦੇ ਪੱਤਰਿਆਂ ਤੋਂ ਭਾਈ ਸੰਤੋਖ ਸਿੰਘ ਜੀ ਦੇ ਨਿੱਤ ਦੇ ਕਾਰਜ-ਕ੍ਰਮ ਦਾ ਪਤਾ ਲਾਇਆ ਹੈ। ਭਾਈ ਸਾਹਿਬ ਭਜਨ -ਬੰਦਗੀ ਵਾਲੇ ਬੰਦੇ ਸਨ। ਆਪ ਅੰਮ੍ਰਿਤ ਵੇਲੇ ਮੂੰਹ ਅਨ੍ਹੇਰੇ ਉੱਠਿਆ ਕਰਦੇ ਸਨ। ਸ਼ੌਚ-ਇਸ਼ਨਾਨ ਅਤੇ ਨਾਮ-ਅਭਿਆਸ ਦੇ ਪਿੱਛੋਂ ਆਪ ਤੜਕੇ ਹੀ ਕੰਮ ਵਿਚ ਲਗ ਜਾਂਦੇ ਸਨ। ਕੰਮ ਕਰਨ ਵੇਲੇ ਆਪ ਦੇ ਗਲ ਕੁੜਤੀ,ਤੇੜ ਕਛਹਿਰਾ ਤੇ ਸਿਰ ਤੇ ਨਿੱਕੀ ਦਸਤਾਰ ਹੁੰਦੀ ਸੀ। ਪਹਿਲੇ ਦੋ ਪਹਿਰ ਆਪ ਦੇ ਇਤਿਹਾਸ ਦੀ ਖੋਜ ਤੇ ਰਚਨਾ ਨੂੰ ਵਿਉਂਤਣ ਵਿਚ ਲਗ ਜਾਂਦੇ। ਦੁਪਹਿਰ ਪਿੱਛੋਂ ਗ੍ਰੰਥ ਲਿਖਵਾਉਂਦੇ, ਸੰਥਿਆ ਲੈਣ ਵਾਲਿਆਂ ਨੂੰ ਸੰਥਿਆ ਦੇਂਦੇ ਅਤੇ ਸ਼ਾਮ ਨੂੰ ਕਥਾ ਕਰਿਆ ਕਰਦੇ ਸਨ।

---

21. *ਸੂਰਜ ਗ੍ਰੰਥ* (ਪ੍ਰਸਤਾਵਨਾ), ਪੰਨਾ 159 (ਫੁਟ ਨੋਟ).
22. *ਉਹੀ*, ਪੰਨਾ 161; *ਜੀਵਨ ਕਥਾ* (ਸੰਪ. ਖਜ਼ਾਨ ਸਿੰਘ, ਗਿਆਨੀ), ਪੰਨਾ 40.
23. *ਜੀਵਨ ਕਥਾ*, ਪੰਨਾ 24.
24. *ਉਹੀ*, ਪੰਨੇ 28-29; *ਸੂਰਜ ਗ੍ਰੰਥ* (ਪ੍ਰਸਤਾਵਨਾ), ਪੰਨੇ135-36.
25. *ਸੂਰਜ ਗ੍ਰੰਥ* (ਪ੍ਰਸਤਾਵਨਾ), ਪੰਨੇ 122-23.
26. *ਉਹੀ*, ਪੰਨੇ 116-17.

ਵਿਹਲੇ ਸਮੇਂ ਗੁਰਬਾਣੀ ਦੀਆਂ ਪੋਥੀਆਂ ਲਿਖ ਕੇ ਜਿਗਿਆਸੂਆਂ ਨੂੰ ਦੇਣ ਵਿਚ ਵੀ ਆਪ ਆਪਣਾ ਸੁਭਾਗ ਮੰਨਦੇ ਸਨ।[27]

ਵਿਦਵਾਨਾਂ ਨਾਲ ਚਰਚਾ

ਪੁਰਾਣੇ ਸਮਿਆਂ ਵਿਚ ਸ਼ਾਸਤ੍ਰਾਰਥਾਂ ਦਾ ਰਿਵਾਜ਼ ਆਮ ਸੀ। ਪੜ੍ਹੇ-ਲਿਖੇ ਵਿਦਵਾਨ ਆਪਣੀ ਵਿਦਵਤਾ ਦਾ ਸਿੱਕਾ ਜਮਾਉਣ ਲਈ ਇਕ ਦੂਜੇ ਨੂੰ ਵੰਗਾਰਦੇ ਸਨ। ਕਈ ਵਾਰ ਕਵੀਆਂ ਦੇ ਸਰਪ੍ਰਸਤ ਆਪਣੇ ਦਰਬਾਰੀ ਕਵੀਆਂ ਤੇ ਪੰਡਿਤਾਂ ਦੀ ਥਾਹ ਲੈਣ ਲਈ ਵੀ ਚਰਚਾ ਦਾ ਪ੍ਰਬੰਧ ਕਰਿਆ ਕਰਦੇ ਸਨ। ਅਜੇਹੀਆਂ ਇਕ ਦੋ ਚਰਚਾਵਾਂ ਦਾ ਉੱਲੇਖ ਭਾਈ ਸਾਹਿਬ ਦੀ ਜੀਵਨੀ ਵਿਚ ਹੋਇਆ ਮਿਲਦਾ ਹੈ। ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਇਕ ਵਾਰ ਇਕ ਵਿਦਵਾਨ ਪੰਡਿਤ ਆਇਆ ਤੇ ਰਾਜਾ ਜੀ ਨੂੰ ਵੰਗਾਰਿਆ ਕਿ ਭਾਈ ਸੰਤੋਖ ਸਿੰਘ ਨਾਲ ਚਰਚਾ ਕਰਨ ਦੀ ਆਗਿਆ ਦੇਵੇ। ਰਾਜੇ ਨੇ ਭਾਈ ਸੰਤੋਖ ਸਿੰਘ ਨੂੰ ਟੋਹਿਆ। ਭਾਈ ਸਾਹਿਬ ਨੇ "ਸਤਿ ਬਚਨ" ਵਿਚ ਉੱਤਰ ਦਿੱਤਾ। ਚਰਚਾ ਵਾਲੇ ਦਿਨ ਆਪ ਤੜਕਸਾਰ ਉੱਠੇ। ਅੱਜੇ ਮੁਨ੍ਹੇਰਾ ਹੀ ਸੀ। ਸਬਬ ਨਾਲ ਦੋਧੀ ਆਪ ਜੀ ਦੀਆਂ ਮੱਝਾਂ ਚੋ ਕੇ ਦੁੱਧ ਵਾਲੀ ਦੋਹਣੀ ਇਨ੍ਹਾਂ ਦੇ ਇਸ਼ਨਾਨ ਵਾਲੀ ਥਾਂ ਤੇ ਹੀ ਰੱਖ ਗਿਆ। ਜਦੋਂ ਆਪ ਸ਼ੋਚ-ਕਿਰਿਆ ਤੋਂ ਵਿਹਲੇ ਹੋਏ ਤਾਂ ਆਪ ਨੇ ਇਸ਼ਨਾਨ ਕਰਨ ਲੱਗਿਆਂ ਦੁੱਧ ਵਾਲੀ ਦੋਹਣੀ ਹੀ ਆਪਣੇ ਉੱਤੇ ਉਲੱਦਣੀ ਸ਼ੁਰੂ ਕਰ ਦਿੱਤੀ। ਛੇਤੀ ਹੀ ਆਪ ਨੂੰ ਗਿਆਨ ਹੋ ਗਿਆ ਕਿ ਆਪ ਨੇ ਪਾਣੀ ਦੀ ਥਾਂ ਦੁੱਧ ਨਾਲ ਹੀ ਇਸ਼ਨਾਨ ਕਰਨਾ ਸ਼ੁਰੂ ਕਰ ਦਿੱਤਾ ਹੈ। ਘਰ ਵਾਲੀ ਨੂੰ ਵਾਜ ਮਾਰੀ ਕਿ 'ਦੇਖ, ਭਾਗਵਾਨੇ! ਅੱਜ ਸਾਰੀ ਗੱਲ ਪੂਰੀ ਹੋ ਗਈ, ਤੂੰ ਪੁੱਤੀਂ ਖਿਡਾਂਦੀ ਸੈਂ ਤੇ ਮੈਂ ਅੱਜ ਦੁੱਧੀਂ ਨਹਾ ਲਿਆ ਹੈ"। ਫਿਰ ਆਪ ਨੇ ਭਵਿੱਸ਼-ਬਾਣੀ ਕਰਦਿਆਂ ਕਿਹਾ ਕਿ ਬਿਜੈ ਦੀ ਦੇਵੀ ਨੇ ਨਿਸਚੇ ਹੀ ਕਾਮਯਾਬੀ ਦਾ ਰੰਗ ਸਾਨੂੰ ਲਾ ਦਿੱਤਾ ਹੈ।

ਚਰਚਾ ਦਾ ਸਿੱਟਾ ਇਸੇ ਅਨੁਸਾਰ ਨਿਕਲਿਆ। ਦਿਗਵਿਜਈ ਪੰਡਿਤ ਛੇਤੀ ਹੀ ਮੈਦਾਨ ਛੱਡ ਗਿਆ।[28]

ਅਜੇਹੀ ਹੀ ਇਕ ਹੋਰ ਚਰਚਾ ਦੇ ਅਵਸਰ ਉੱਤੇ ਚਰਚਾ ਕਰਨ ਆਏ ਪੰਡਿਤ ਦੀ ਇੱਜ਼ਤ ਨੂੰ ਆਪ ਨੇ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ। ਆਪ ਨੇ ਇਹ ਦੇਖ ਕੇ ਕਿ ਪੰਡਿਤ ਜੀ ਦਾ ਗਿਆਨ ਬਹੁਤ ਪੇਤਲਾ ਹੈ, ਪੰਡਿਤ ਜੀ ਨੂੰ ਇਕ ਦੁਸ਼ਾਲਾ ਤੇ 25 ਰੁਪੈ ਦੇ ਕੇ ਵਾਪਸ ਮੋੜਨ ਦਾ ਜਤਨ ਕੀਤਾ। ਪੰਡਿਤ ਜੀ ਆਕੜ ਵਿਚ ਆ ਗਏ ਅਤੇ ਸਾਰੀ ਕਹਾਣੀ ਰਾਜਾ ਉਦਯ ਸਿੰਘ ਨੂੰ ਜਾ ਸੁਣਾਈ। ਰਾਜਾ ਜੀ ਨੇ ਭਾਈ ਸਾਹਿਬ ਨੂੰ ਇਸ ਸੰਬੰਧੀ ਪੁੱਛਿਆ। ਭਾਈ ਸਾਹਿਬ ਨੇ ਪੰਡਿਤ ਜੀ ਦੀ ਵਿਦਵਤਾ ਬਾਰੇ ਆਪਣਾ ਅਨੁਮਾਨ ਦੱਸ ਦਿੱਤਾ ਅਤੇ ਉਸ ਦੀ 'ਪੈਜ ਰਖਣ' ਲਈ ਕੀਤੇ ਜਤਨ ਬਾਰੇ ਹਾਮੀ ਭਰੀ। ਪੰਡਿਤ ਜੀ ਦੇ ਹਠ ਨੂੰ ਵੇਖ ਕੇ ਅੰਤ ਚਰਚਾ ਲਈ ਪਿੜ ਬੱਝਾ, ਪਰ ਪੰਡਿਤ ਜੀ ਛੇਤੀ ਹੀ ਭੱਜ ਉੱਠੇ[29]।

ਕਵੀ ਜੀ ਦੇ ਵਿਦਿਆ-ਦਾਤੇ, ਗਿਆਨੀ ਸੰਤ ਸਿੰਘ ਜੀ, ਮਹਾਰਾਜਾ ਰਣਜੀਤ ਸਿੰਘ ਦੇ ਬਹੁਤ ਨੇੜੇ ਸਨ। ਮਹਾਰਾਜਾ, ਗਿਆਨੀ ਜੀ ਦੀ ਬਹੁਤ ਇੱਜ਼ਤ ਕਰਦਾ ਸੀ। ਸਵਾਲ ਉੱਠਦਾ ਹੈ ਕਿ ਇਹੋ ਜਿਹੇ ਹੋਣਹਾਰ ਕਵੀ ਨੂੰ ਗਿਆਨੀ ਸੰਤ ਸਿੰਘ ਨੇ ਖ਼ਾਲਸਾ ਦਰਬਾਰ, ਲਾਹੌਰ, ਨਾਲ ਕਿਉਂ ਨ ਜੋੜਿਆ? ਗ਼ਰੀਬ ਸੰਤੋਖ ਸਿੰਘ ਨੂੰ ਛੋਟੀਆਂ ਰਿਆਸਤਾਂ ਵਿਚ ਰੁਲਣ ਅਤੇ ਬੇਰੋਜ਼ਗਾਰੀ ਦਾ ਕਸ਼ਟ ਦੇਖਣ ਲਈ ਕਿਉਂ ਛੱਡ ਦਿੱਤਾ ? ਇਸ ਪ੍ਰਸ਼ਨ ਤੇ ਮੈਂ ਜਿੰਨਾ ਸੋਚਦੀ ਹਾਂ, ਉੱਨੀ ਹੀ ਹਾਰਦੀ ਦਿੱਸਦੀ ਹਾਂ। ਭਾਈ ਸੰਤੋਖ ਸਿੰਘ ਦੀ ਲਿਖਤ ਵਿੱਚੋਂ ਇਸ ਸੰਬੰਧੀ ਕੋਈ ਇਸ਼ਾਰਾ ਨਹੀਂ ਮਿਲਦਾ; ਹੋਰ ਕਿਸੇ ਲੇਖਕ ਨੇ ਵੀ ਇਸ ਸਮੱਸਿਆ ਉੱਤੇ ਚਾਨਣ ਨਹੀਂ ਪਾਇਆ। ਇਸ ਲਈ ਕੇਵਲ ਅਨੁਮਾਨ ਨਾਲ ਗੱਲ ਕਰਨੀ ਪੈਂਦੀ ਹੈ।

ਗਿਆਨੀ ਸੰਤ ਸਿੰਘ ਜੀ ਦੇ ਸੁਪੁੱਤਰ ਗਿਆਨੀ ਗੁਰਮੁਖ ਸਿੰਘ ਜੀ ਭਾਈ ਸੰਤੋਖ ਸਿੰਘ ਦੇ ਲਗਭਗ ਹਾਣੀ ਸਨ। ਗਿਆਨੀ ਸੰਤ ਸਿੰਘ ਜੀ ਪਿੱਛੋਂ ਉਨ੍ਹਾਂ ਦੇ ਮਾਨਯੋਗ ਪਦ ਨੂੰ ਗਿਆਨੀ ਗੁਰਮੁਖ ਸਿੰਘ ਨੇ ਹੀ ਸੰਭਾਲਣਾ ਸੀ। ਲਾਹੌਰ ਦਰਬਾਰ ਨਾਲ ਉਸ ਦੇ ਹਿਤ ਬੱਝੇ ਹੋਏ ਸਨ। ਮੇਰੀ ਜਾਚੇ ਭਾਈ ਸੰਤੋਖ ਸਿੰਘ ਨੇ ਲਾਹੌਰ ਦਰਬਾਰ ਨਾਲ ਜੁੜਨਾ ਇਸ ਲਈ ਪਸੰਦ ਨ ਕੀਤਾ ਕਿ ਮਤੇ ਆਉਣ ਵਾਲੇ ਸਮੇਂ ਵਿਚ ਉਸ ਦੀ

---

27. *ਉਹੀ*, ਪੰਨੇ 135-37.
28. *ਸੂਰਜ ਗ੍ਰੰਥ.* (ਪ੍ਰਸਤਾਵਨਾ), ਪੰਨਾ 123.
29. *ਉਹੀ*, ਪੰਨੇ 137-38.

ਵਿਦਵਤਾ, ਗਿਆਨੀ ਗੁਰਮੁਖ ਸਿੰਘ ਨਾਲ ਕਿਸੇ ਸੰਘਰਸ਼ ਦਾ ਕਾਰਣ ਬਣੇ, ਜਿਸ ਤੋਂ ਉਸ ਦੇ ਵਿਦਿਆ-ਦਾਤਾ ਦੀ ਆਤਮਾ ਨੂੰ ਦੁਖ ਪਹੁੰਚੇ। ਜੇ ਇਹ ਅਨੁਮਾਨ ਠੀਕ ਹੋਵੇ ਤਾਂ ਇਸ ਤੋਂ ਭਾਈ ਸਾਹਿਬ ਦੇ ਆਪਣੇ ਵਿਦਿਆ-ਦਾਤੇ ਤੇ ਉਸ ਦੇ ਪਰਿਵਾਰ ਲਈ ਸਤਿਕਾਰ ਦਾ ਪਤਾ ਲਗਦਾ ਹੈ, ਜਿਹੜਾ ਉਨ੍ਹਾਂ ਦੀਆਂ ਲਿਖਤਾਂ ਵਿੱਚੋਂ ਸਾਫ਼ ਦਿੱਸਦਾ ਹੈ। ਕੁੱਝ ਵੀ ਹੋਵੇ ਇਹ ਇਕ ਅਜ਼ੇਹਾ ਸਵਾਲ ਹੈ ਜਿਸ ਉੱਤੇ ਹੋਰ ਵਧੇਰੇ ਖੋਜ ਦੀ ਲੋੜ ਹੈ।

ਸਹਿਪਾਠੀ ਤੇ ਸ਼ਾਗਿਰਦ

ਭਾਈ ਵੀਰ ਸਿੰਘ ਨੇ ਭਾਈ ਸੰਤੋਖ ਸਿੰਘ ਦੇ ਸਹਿਪਾਠੀਆਂ ਤੇ ਸ਼ਾਗਿਰਦਾਂ ਬਾਰੇ ਕੁੱਝ ਜਾਣਕਾਰੀ ਦਿੱਤੀ ਹੈ। ਉਨ੍ਹਾਂ ਨੇ ਇਕ ਸਹਿਪਾਠੀ ਸ਼ਿਲਪਕਾਰ ('ਛੀਪਾ' ਦਾ ਸੰਸਕ੍ਰਿਤ ਰੂਪ) ਮੇਘ ਸਿੰਘ ਦਾ ਪਤਾ ਦਿੱਤਾ ਹੈ। ਇਹ ਵੀ ਬ੍ਰਜ ਵਿਚ ਕਵਿਤਾ ਕਰਿਆ ਕਰਦੇ ਸਨ। ਇਨ੍ਹਾਂ ਨੇ ਆਪਣੇ ਪਿੱਛੇ *ਬ੍ਰਿਜਰਾਜ* ਤੇ *ਭਾਸ਼ਾ ਭੂਸ਼ਣ* ਦੋ ਗ੍ਰੰਥ ਛੱਡੇ ਹਨ। ਕਵੀ ਮੇਘ ਸਿੰਘ ਗਿਆਨੀ ਸੰਤ ਸਿਘ ਨੂੰ ਆਪਣਾ ਉਸਤਾਦ ਲਿਖਦੇ ਹਨ। ਇਸ ਨਾਤੇ ਇਨ੍ਹਾਂ ਦਾ ਭਾਈ ਸੰਤੋਖ ਸਿੰਘ ਦਾ ਸਹਿਪਾਠੀ ਹੋਣਾ ਬੜਾ ਸੁਭਾਵਿਕ ਹੈ। ਇਨ੍ਹਾਂ ਦਾ ਕਵਿਤਾ ਦਾ ਅਭਿਆਸ ਕੁਛ ਕੁਛ ਕਵੀ ਜੀ ਵਰਗਾ ਹੀ ਹੈ[30]।

ਹੋਰ ਸਹਿਪਾਠੀਆਂ ਵਿਚ ਇਕ ਗਿਆਨੀ ਸੰਤ ਸਿੰਘ ਜੀ ਦੇ ਸਪੁੱਤਰ ਗਿਆਨੀ ਗੁਰਮੁਖ ਸਿੰਘ ਜੀ ਸਨ।

ਸ਼ਾਗਿਰਦਾਂ ਵਿੱਚੋਂ, ਭਾਈ ਵੀਰ ਸਿੰਘ ਨੇ ਕੇਵਲ ਇਕ ਸਾਧੂ ਗੁਪਾਲ ਸਿੰਘ ਦੀ ਟੋਹ ਲਾਈ ਹੈ। ਕਵੀ ਜੀ ਦੇ ਵੱਡੇ ਸੁਪੁੱਤਰ ਅਜੈ ਸਿੰਘ ਨੇ ਵੀ ਵਿਦਿਆ ਆਪਣੇ ਪਿਤਾ ਪਾਸੋ ਹੀ ਪ੍ਰਾਪਤ ਕੀਤੀ। ਸੋ, ਪਤਾ ਲਗਦਾ ਹੈ ਕਿ ਭਾਈ ਸਾਹਿਬ ਨੇ ਆਪਣੀ ਜੋਤ ਨਾਲ ਅੱਗੇ ਜੋਤ ਜਗਾਉਣ ਦੀ ਰੀਤ ਵੀ ਨਿਭਾਈ।

ਭਾਈ ਸਾਹਿਬ ਦਾ ਇਸ਼ਟ ਦੇਵ

ਭਾਈ ਸੰਤੋਖ ਸਿੰਘ ਦੀ ਜੀਵਨੀ ਨੂੰ ਸਮਾਪਤ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਇਸ਼ਟ ਦੇਵ ਬਾਰੇ ਵਿਚਾਰ ਕਰਨੀ ਬਣਦੀ ਹੈ। ਇਸ ਸੰਬੰਧੀ ਡਾ. ਭਾਈ ਵੀਰ ਸਿੰਘ ਨੇ ਬੜੀ ਯੋਗਤਾ ਨਾਲ *ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ* ਵਿਚ ਥਾਂ-ਪਰ-ਥਾਂ ਵਿਚਾਰ ਕੀਤੀ ਹੈ। ਭਾਈ ਸਾਹਿਬ ਦਾ ਮਤ ਹੈ ਕਿ ਕਵੀ ਜੀ ਇਕ ਅਕਾਲ ਪੁਰਖ ਦੇ ਉਪਾਸ਼ਕ ਸਨ; ਉਹ ਦੇਵੀ-ਪੂਜਕ ਨਹੀਂ ਸਨ। ਦੇਵੀ ਦੀ ਪੂਜਾ ਦਾ ਪ੍ਰਸੰਗ ਜੋ ਉਨ੍ਹਾਂ ਲਿਖਿਆ ਉਹ ਜਾਂ ਤਾਂ ਕਿਸੇ ਨੇ ਮਗਰੋਂ ਪਾਇਆ ਹੈ ਜਾਂ ਫਿਰ ਗੁਰੂ-ਘਰ ਦੇ ਵਿਰੋਧੀਆਂ ਦੇ ਦਬਾ ਹੇਠ ਲਿਖਿਆ ਗਿਆ[31]। ਦਸਾਂ ਗੁਰੂ ਸਾਹਿਬਾਂ ਨੂੰ ਆਪ ਇਕ ਅਕਾਲ ਪੁਰਖ ਦਾ ਸਰੂਪ "ਗੁਰੂ ਨਾਨਕ ਦੇਵ ਗੋਬਿੰਦ ਰੂਪ" ਦੇ ਅਸੂਲ ਮੂਜਬ ਮੰਨਦੇ ਸਨ। ਭਾਈ ਵੀਰ ਸਿੰਘ ਅਨੁਸਾਰ, ...ਕਵੀ ਜੀ ਗੁਰੂ ਕੇ ਪੂਰੇ ਸਿੱਖ ਸੇ ਤੇ ਗੁਰੂ ਜੀ ਦੇ ਮਤ ਦੇ ਉਪਾਸ਼ਕ ਸੇ। ਆਪ ਗੁਰਮਤਿ ਨੂੰ ਸਰਬ ਮਤਾਂ ਤੋਂ ਸ਼੍ਰੋਮਣੀ ਸਮਣਦੇ ਸੇ। ਆਪ ਸੁਰਸਤੀ ਦੇ ਉਪਾਸਕ ਨਹੀਂ ਸੇ..."[32]

---

30. *ਸੂਰਜ ਗ੍ਰੰਥਾ.* (ਪ੍ਰਸਤਾਵਨਾ), ਪੰਨੇ 170-71.
31. ਇਸ ਬਾਰੇ ਹੋਰ ਵਧੇਰੇ ਜਾਣਕਾਰੀ ਲਈ ਦੇਖੋ ਅੱਗੇ, ਪੰਨਾ 40.
32. *ਸੂਰਜ ਗ੍ਰੰਥਾਂ.* (ਪ੍ਰਸਤਾਵਨਾ), ਪੰਨੇ 162-70; (ਹੋਰ ਦੇਖੋ, ਰਣਜੀਤ ਸਿੰਘ ਖੜਗ ਦੀ *ਜੀਵਨ ਕਥਾ* (ਸੰਪਾ. ਖ਼ਜ਼ਾਨ ਸਿੰਘ ਗਿਆਨੀ), ਦੇ ਪੰਨਾ 103 ਉਪਰ ਦੇਵੀ-ਪੂਜਣ ਸੰਬੰਧੀ ਟਿੱਪਣੀ).

ਭਾਈ ਸੰਤੋਖ ਸਿੰਘ : ਰਚਨਾ ਦਾ ਮੁਲੰਕਣ

ਭਾਈ ਸੰਤੋਖ ਸਿੰਘ ਦੀ ਰਚਨਾ ਦਾ ਕੁੱਝ ਬਿਊਰਾ ਮੈਂ ਪਿਛਲੇ ਅਧਿਆਇ ਵਿਚ ਦੇ ਆਈ ਹਾਂ। ਉੱਥੇ ਮੈਂ ਇਹ ਦੱਸ ਆਈ ਹਾਂ ਕਿ ਉਨ੍ਹਾਂ ਨੇ ਕਿਹੜੀ ਕਿਹੜੀ ਰਚਨਾ, ਕਦੋਂ ਤੇ ਕਿੱਥੇ ਕੀਤੀ। ਉਨ੍ਹਾਂ ਦੀ ਰਚਨਾ ਦੇ ਵਿਸ਼ੇ-ਵਸਤੂ ਬਾਰੇ ਕੁੱਝ ਦੱਸਣਾ ਤੇ ਉਨ੍ਹਾਂ ਦੀ ਦੇਣ ਦਾ ਮੁੱਲ ਪਾਉਣਾ ਹਾਲੀ ਬਾਕੀ ਹੈ। ਇਹ ਮੈਂ ਇਸ ਅਧਿਆਇ ਵਿਚ ਦੇਣ ਦਾ ਜਤਨ ਕਰਾਂਗੀ।

(ੳ) ਅਨੁਵਾਦਕ ਵਜੋਂ

ਸਾਡੇ ਤਕ ਪਹੁੰਚੀਆਂ ਰਚਨਾਵਾਂ ਦੇ ਆਧਾਰ ਉੱਤੇ ਕਵੀ ਜੀ ਦੀ ਸਾਹਿੱਤਕਾਰੀ ਚਾਰ ਰੂਪਾਂ ਵਿਚ ਉੱਘੜਦੀ ਹੈ। ਪਹਿਲਾ ਰੂਪ ਅਨੁਵਾਦਕ ਦਾ ਹੈ, ਦੂਜਾ ਟੀਕਾਕਾਰ ਦਾ, ਤੀਜਾ ਇਤਿਹਾਸਕਾਰ ਦਾ, ਅਤੇ ਚੌਥਾ ਕਵੀ ਦਾ। ਅਨੁਵਾਦਕ ਰੂਪ ਵਿਚ ਕਵੀ ਜੀ ਨੇ ਦੋ ਪ੍ਰਸਿੱਧ ਪੁਸਤਕਾਂ, *ਨਾਮਕੋਸ਼* ਤੇ ਬਾਲਮੀਕੀ *ਰਾਮਾਯਣ*, ਸੰਸਕ੍ਰਿਤ ਤੋਂ ਬ੍ਰਜ ਵਿਚ ਉਲਥਾਈਆਂ। *ਨਾਮਕੋਸ਼* ਸੰਸਕ੍ਰਿਤ ਦੇ ਪ੍ਰਸਿੱਧ ਗ੍ਰੰਥ *ਅਮਰਕੋਸ਼* ਦਾ ਭਾਖਾ ਵਿਚ ਅਨੁਵਾਦ ਹੈ। ਇਹ ਇਕ ਤਰ੍ਹਾਂ ਦਾ ਪਰਿਆਇ (Thesaurus) ਹੈ, ਜਿਸ ਵਿਚ ਸਮਾਨ ਅਰਥਾਂ ਵਾਲੇ ਸ਼ਬਦ ਇਕ ਥਾਂ ਦਿੱਤੇ ਹੁੰਦੇ ਹਨ। ਇਹ ਲੇਖਕਾਂ ਤੇ ਕਵੀਆਂ ਲਈ ਇਕ ਸਹਾਇਕ ਸੰਦ ਹੁੰਦਾ ਹੈ, ਜਿਸ ਨੂੰ ਵਰਤ ਕੇ ਉਹ ਆਪਣੀ ਰਚਨਾ ਨੂੰ ਅਮੀਰ ਬਣਾ ਸਕਦੇ ਹਨ। ਦੂਜੇ ਸ਼ਬਦਾਂ ਵਿਚ, ਇਹ ਇਕ ਤਰ੍ਹਾਂ ਦਾ ਸ਼ਬਦ-ਭੰਡਾਰ ਜਾਂ ਸ਼ਬਦ-ਕੋਸ਼ ਹੈ। ਇਸ ਦੀ ਤਿਆਰੀ ਨੇ ਕਵੀ ਜੀ ਨੂੰ ਜੋ ਲਾਭ ਪਹੁੰਚਾਇਆ ਉਸ ਵੱਲ ਪਿਛਲੇ ਅਧਿਆਇ ਵਿਚ ਸੰਕੇਤ ਹੋ ਚੁੱਕਿਆ ਹੈ। ਇਸ ਬਾਰੇ ਹੋਰ ਇੰਨਾ ਕਹਿਣਾ ਹੀ ਕਾਫ਼ੀ ਹੈ ਕਿ ਭਾਈ ਵੀਰ ਸਿੰਘ ਨੇ ਭਾਈ ਸੰਤੋਖ ਸਿੰਘ ਦੀ ਆਪਣੀ ਲਿਖਤ ਦੀਆਂ ਕੁੱਝ ਗੁੰਝਲਾਂ ਨੂੰ ਖੋਲ੍ਹਣ ਲਈ ਇਸ ਕੋਸ਼ ਨੂੰ ਬਹੁਤ ਚੰਗੀ ਤਰ੍ਹਾਂ ਵਰਤਿਆ। ਇਸ ਲਈ ਇਸ ਦੀ ਲਾਭਦਾਇਕਤਾ ਸਿੱਧ ਹੈ।

ਅਨੁਵਾਦ ਦੇ ਖੇਤਰ ਦੀ ਦੂਜੀ ਰਚਨਾ ਬਾਲਮੀਕੀ *ਰਾਮਾਯਣ* ਹੈ। ਇਹ ਪੁਸਤਕ ਛਪੀ ਨਹੀਂ ਤੇ ਨਾ ਲੇਖਿਕਾ ਹੀ ਸੰਸਕ੍ਰਿਤ ਜਾਣਦੀ ਹੈ। ਇਸ ਲਈ ਇਸ ਕੰਮ ਸੰਬੰਧੀ ਕੋਈ ਰਾਇ ਦੇਣਾ ਮੇਰੇ ਲਈ ਸੰਭਵ ਨਹੀਂ ਹੈ। ਪਰ, ਇਹ ਗੱਲ ਲਿਖਤ ਵਿਚ ਆ ਚੁੱਕੀ ਹੈ ਕਿ ਇਸ ਦੇ ਉਤਾਰੇ ਉਸੇ ਵੇਲੇ ਲੋਕਾਂ ਨੇ ਕਰ ਲਏ ਸਨ; ਰਾਜਾ ਇਸ ਦਾ ਪਾਠ ਦੋ ਮਹੀਨੇ ਤਕ ਲਗਾਤਾਰ ਸੁਣਦਾ ਰਿਹਾ ਤੇ ਇਸ ਰਚਨਾ ਉੱਤੇ ਖ਼ੁਸ਼ ਹੋ ਕੇ, ਜਿਵੇਂ ਕਿ ਦੱਸਿਆ ਜਾ ਚੁੱਕਾ ਹੈ, ਕਵੀ ਨੂੰ ਮੋਰਥਲੀ ਨਾਂ ਦਾ ਪਿੰਡ ਇਨਾਮ ਵਿਚ ਦਿੱਤਾ। ਇਸ ਵਿਚ ਕਵੀ ਜੀ ਨੇ ਲੰਕਾ-ਕਾਂਡ ਦੇ ਅਖ਼ੀਰ ਵਿਚ ਕੈਥਲ ਘਰਾਣੇ ਦਾ ਸੰਖੇਪ ਹਾਲ ਵੀ ਲਿਖਿਆ ਹੋਇਆ ਹੈ[1]।

(ਅ) ਟੀਕਾਕਾਰ ਵਜੋਂ

ਟੀਕਾਕਾਰੀ ਦੇ ਖੇਤਰ ਵਿਚ ਭਾਈ ਸਾਹਿਬ ਦਾ ਯਾਦਗਾਰੀ ਦਾ ਕੰਮ *ਜਪੁਜੀ* ਸਾਹਿਬ ਦਾ ਟੀਕਾ *ਗਰਬ ਗੰਜਨੀ* ਹੈ। ਜਿਵੇਂ ਕਿ ਦੱਸਿਆ ਜਾ ਚੁੱਕਾ ਹੈ ਭਾਈ ਸੰਤੋਖ ਸਿੰਘ ਨੇ ਜਪੁਜੀ ਦਾ ਟੀਕਾ ਆਪਣੇ ਸਰਪ੍ਰਸਤ ਰਾਜਾ ਉਦਯ ਸਿੰਘ ਦੀ ਮੰਗ ਪੂਰੀ ਕਰਨ ਲਈ ਰਚਿਆ। ਟੀਕੇ ਦੇ ਮੁੱਢ ਵਿਚ ਹੀ ਆਪ ਨੇ ਸੂਚਨਾ ਦਿੱਤੀ ਹੈ:[2]

ਉਦਯ ਸਿੰਘ ਬਡ ਭੂਪ ਬਹਾਦਰ। ਕਵਿ ਬੁਲਾਇ ਰਾਖਯੋ ਢਿਗ ਸਾਦਰ ॥
ਸ੍ਰੀ ਗ੍ਰੰਥ ਸਾਹਿਬ ਗੁਰਬਾਨੀ। ਸਰਬ ਸਿਰੋਮਨਿ ਜਪੁਜੀ ਜਾਨੀ ॥14॥
ਅਰਥ ਗੰਭੀਰ ਮਹਾਨ ਮਹਾਨੇ। ਅਸ ਲਖੁ ਕਵਿ ਸੋ ਬਚਨ ਬਖਾਨੇ ॥
ਅਲੰਕਾਰ ਯੁਤ ਟੀਕਾ ਰਚੀਏ। ਨਿਰਨੈ ਅਰਥ ਕਰਹੁ ਮਤ ਖਚੀਏ ॥15॥

---

1. *ਸੂਰਜ ਗ੍ਰੰਥ.* (ਪ੍ਰਸਤਾਵਨਾ), ਪੰਨੇ 126-28.
2. *ਗਰਬ ਗੰਜਨੀ* (ਵਿਕ੍ਰੇਤਾ : ਸੰਤ ਖਾਲਸਾ ਸਰੂਪ ਸਿੰਘ ਗਯਾਨੀ), ਅੰਮ੍ਰਿਤਸਰ, ਪੰਨਾ 3-4.

ਹੋਤਿ ਅਸ਼ੰਕਾ ਯਾ ਮਹਿ ਜੇਤੀ। ਬੁਧ ਬਲ ਕਰਹੁ ਹਰਹੁ ਅਬਿ ਤੇਤੀ ॥
ਸੁਨਿ ਕਰ ਬਚਨ ਨ੍ਰਿਪਤਿ ਕੋ ਨੀਕਾ। ਕਵਿ ਨੇ ਰੁਚਿਕ ਰਚਯੋ ਜਪੁ ਟੀਕਾ ॥16॥

ਕੁੱਝ ਅੱਗੇ ਚਲ ਕੇ ਆਪ ਨੇ ਇਹ ਦਾਅਵਾ ਕੀਤਾ ਹੈ ਕਿ—

ਸ੍ਰੀ ਗੁਰਬਾਨੀ ਕੇ ਬਿਖੇ ਕਾਬਯ ਰੀਤ ਸਬ ਆਹਿ ॥
ਕਿਨਹੂ ਪ੍ਰਗਟ ਨਾ ਕਰੀ ਜਗ ਅਸ ਪਿਖ ਮਮ ਭਈ ਚਾਹਿ ॥23॥

ਇਨ੍ਹਾਂ ਸ਼ਬਦਾਂ ਰਾਹੀਂ ਕਵੀ ਆਪ ਇਹ ਦੱਸ ਗਿਆ ਹੈ ਕਿ *ਜਪੁਜੀ* ਵਿਚ 'ਗੰਭੀਰ' ਤੇ 'ਮਹਾਨ' ਅਰਥ ਅਤੇ 'ਕਾਵਿ' ਦੀਆਂ ਸਾਰੀਆਂ 'ਰੀਤਾਂ' ਮੌਜੂਦ ਹਨ। *'ਗਰਬ ਗੰਜਨੀ'* ਟੀਕੇ ਵਿਚ ਉਸ ਨੇ ਆਪਣੇ ਵੱਲੋਂ ਜਤਨ ਕੀਤਾ ਹੈ ਕਿ ਗੰਭੀਰ ਤੇ ਮਹਾਨ ਅਰਥ ਵੀ ਸਪਸ਼ਟ ਕੀਤੇ ਜਾਣ ਤੇ ਕਾਵਿਕ ਖੂਬੀਆਂ ਵੀ ਉਘਾੜੀਆਂ ਜਾਣ। *ਗੁਰੂ ਗ੍ਰੰਥ ਸਾਹਿਬ* ਦੇ ਕਿਸੇ ਭਾਗ ਨੂੰ, ਭਾਰਤ ਵਿਚ ਵਿਆਪਕ ਸਾਹਿੱਤਿਕ ਦ੍ਰਿਸ਼ਟੀ-ਕੋਣ ਤੋਂ ਵੇਖਣ ਦਾ, ਇਹ ਪਹਿਲਾ ਜਤਨ ਕਿਹਾ ਜਾ ਸਕਦਾ ਹੈ। ਡਾ. ਗੋਯਲ ਸਾਹਿਬ ਨੇ, ਇਸੇ ਕਰਕੇ, ਇਸ ਟੀਕੇ ਨੂੰ ਹਿੰਦੀ ਦੀ ਸਭ ਤੋਂ ਪਹਿਲੀ ਆਲੋਚਨਾਤਮਕ ਪੁਸਤਕ ਦਾ ਦਰਜਾ ਦਿੱਤਾ ਹੈ[3]। ਇਹ ਟੀਕਾ ਉਸ ਸਮੇਂ ਦੀ ਸੁਧਕੜੀ ਜਾਂ ਸਾਧੂਆਂ ਵਾਲੀ ਹਿੰਦੀ ਵਾਰਤਕ ਵਿਚ ਲਿਖਿਆ ਹੋਇਆ ਹੈ। ਇਸ ਨੇ ਨਾਮ *ਗਰਬ ਗੰਜਨੀ* ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਰਚਨਾ ਕਿਸੇ ਦੇ ਹੰਕਾਰ ਨੂੰ ਤੋੜਨ ਲਈ ਜਾਂ ਕਿਸੇ ਨੂੰ ਮੂੰਹ-ਤੋੜ ਜਵਾਬ ਦੇਣ ਲਈ, ਤਿਆਰ ਕੀਤੀ ਗਈ ਸੀ। ਅਸਲ ਵਿਚ, ਜਿਸ ਤਰ੍ਹਾਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ, ਇਸ ਤੋਂ ਪਹਿਲਾਂ 1852 ਬਿ./1795 ਈ. ਵਿਚ ਸਾਧੂ ਅਨੰਦ ਘਨ ਨੇ *ਜਪੁਜੀ* ਦਾ ਆਪਣਾ *ਟੀਕਾ* ਤਿਆਰ ਕੀਤਾ ਸੀ[4]।

ਅਨੰਦ ਘਨ ਦੇ ਟੀਕੇ ਵਿਚ, ਥਾਂ ਪਰ ਥਾਂ, ਇਸ ਗੱਲ ਤੇ ਜ਼ੋਰ ਦਿੱਤਾ ਹੋਇਆ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਛੇ ਗੁਰੂ ਸਨ। ਇਹ ਵੀ ਪ੍ਰਤੀਤ ਹੁੰਦਾ ਹੈ ਕਿ ਅਨੰਦ ਘਨ ਨੇ ਆਪਣਾ ਟੀਕਾ ਕਿਸੇ ਐਸੇ ਪੱਕੇ ਸਿੱਖ ਦੇ ਉੱਤਰਾਂ ਤੋਂ ਖਿੱਝ ਕੇ ਲਿਖਿਆ ਸੀ, ਜੋ ਉਸ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਸੀ। ਇਕ ਥਾਂ ਉਸ ਨੇ ਲਿਖਿਆ ਹੈ :

ਅੜਬੰਗੀ ਤੋ ਢੇਰ ਦੀਸਤ ਹੈ ਯਾ ਪੰਥ ਮੋ ॥
ਕਰਹਿ ਏਰ ਅਰ ਫੇਰ ਸਬਦ ਅਰਥ ਬੂਝਹਿ ਨਹੀ ॥
ਸਬਦ ਅਰਥ ਹੈ ਸਾਰ ਅੜਬੰਗੀ ਨਹੀਂ ਕਾਮ ਕੋ ॥
ਤਾ ਤੇ ਕਹੋਂ ਵਿਚਾਰ ਪ੍ਰਸਨ ਜਾਲੇ ਗੁਰ ਵਚਨ ਲੇ ॥
ਦੋਹਰਾ : ਸੂਝ ਬੂਝ ਯਾ ਤੇ ਪਰੇ ਪ੍ਰਸਨ ਜਾਲ ਹੈ ਸਾਰ ॥
ਅੜਬੰਗੀ ਕੇ ਦਮਨ ਕੋ ਡਾਰੋ ਤਿਹ ਸਿਰ ਭਾਰ ॥
ਸੋਰਠਾ : ਨਿਜ ਮਤ ਕੋ ਨਿਰਧਾਰ ਗੁਰੂ ਨਾਨਕ ਖਟ ਗੁਰ ਕਹੇ ॥
ਤਾ ਕੋ ਕਹੋਂ ਵਿਚਾਰ ਦੁਰਜਨ ਮੁਖ ਚਪੇਟਕਾ[5] ॥

ਆਪਣੀ ਦਲੀਲ ਦੇਣ ਵੇਲੇ ਅਨੰਦ ਘਨ ਆਪਣੇ ਵਾਕ ਨੂੰ ਕਾਫ਼ੀ ਖਰ੍ਹਵੀ ਤਰ੍ਹਾਂ ਵਿਉਂਤਦਾ ਹੈ, ਜਿਸ ਨਾਲ ਗੁਰੂ ਨਾਨਕ ਦੇਵ ਜੀ ਦੇ ਅਪਮਾਨ ਦੀ ਇੱਛਾ ਦਾ ਝਾਉਲਾ ਪੈਂਦਾ ਹੈ। ਨਮੂਨੇ ਲਈ ਵੇਖੋ, ਇਹ ਤੁਕਾਂ :

ਵੇਦੀ, ਤ੍ਰਿਹਣ , ਭਲੇ, ਸੋਢੀ, ਸਿਖ ਅਰ ਉਦਾਸੀ ....
ਇਹ ਸਭੀ ਬਾਬਾ ਨਾਨਕ ਕੀ ਬਾਣੀ ਰਾਤ੍ਰਿ ਦਿਵਸ
ਪੜਤੇ ਹੈ। ਬਾਣੀ ਮੋ ਕਿਆ ਲਿਖਤਾ ਹੈ ? ਪਰਮੇਸ਼੍ਵਰ ਕੇ ਨਾਮ
ਕੀ ਮਹਿਮਾ, ਅਰ ਗੁਰੋ ਕੀ ਮਹਿਮਾ। ਤਿਸ ਪਰ ਭੀ, ਜੋ

3. *ਸੰਖਿਪਤ ਗੁਰੂ ਪ੍ਰਤਾਪ ਸੂਰਜ*, ਸਫ਼ਾ 16.
4. "ਸੰਮਤ੍ਰ ਪੁਰਾਣ ਸਤ ਅਰਧ ਸਤ ਯੁਗਮ ਅਧਿਕ ਹੈ ਜਾਸ ॥
ਮੀਨ ਮਾਸ ਸੰਕਰਪੁਰੀ ਕੀਨੋ ਲਿਖਨ ਬਿਲਾਸ ॥" —ਹਥ-ਲਿਖਤ ਨੰਬਰ 160, ਨਿਜੀ ਲਾਇਬ੍ਰੇਰੀ ਪ੍ਰੋ. ਪ੍ਰੀਤਮ ਸਿੰਘ, ਪਟਿਆਲਾ . ਪਤ੍ਰਾ 326.
5. *ਉਪਰੋਕਤ* ਹ. ਲਿ. ਖਰੜਾ, ਪਤ੍ਰਾ 27.

> ਕੋਊ ਪੂਛੇ, ਬਾਬੇ ਨਾਨਕ ਕਾ ਗੁਰ ਕੌਣ ਹੈ ? ਤਬ ਸਭੀ ਪੰਥ ਕੇ
> ਲੋਕ ਲੜਾਈ ਕਰਣੇ ਕੋ ਉਦੇ ਹੋਤੇ ਹੈ, ਇਸ ਕਾ ਨਿਰਨੈ ਕੋਈ
> ਨਹੀਂ ਕਰਤਾ। ਅਰ ਜੋ ਕੋਈ ਬਣਾਇ ਕਰ ਪੂਛੇ, ਸੰਪੂਰਣ ਗ੍ਰੰਥ
> ਜੀ ਮੇਂ ਜੋ ਬਾਬਾ ਨਾਨਕ ਨੇ ਗੁਰੋ ਕੀ ਮਹਮਾ ਕਹੀ ਹੈ, ਸੋ ਆਪਣੇ
> ਗੁਰੂ ਕੀ ਮਹਮਾ ਕਾ ਹੈ, ਜਿਸ ਪਰ ਰੋਜ ਸੈ ਵਾਰ ਕੁਰਬਾਨ ਹੋਤੇ
> ਹੈ। ਅਰ ਜਿਸ ਕੀ ਕ੍ਰਿਪਾ ਤੇ ਮਨੁਖ ਤੇ ਦੇਵਤਾ ਭਏ ਸੋ ਕੌਣ ਹੈ,
> ਕਹੁ। ਅਰ ਜੋ ਝੂਠ ਮਾਨੇਗਾ ਤੋ ਜਿਨ ਕਾ ਗੁਰੂ ਹੀ ਝੂਠਾ ਹੂਆ
> ਤਿਸ ਕੇ ਸਿਖੋਂ ਕੋ ਸਤਿ ਕੀ ਪ੍ਰਾਪਤਿ ਕਹਾਂ ਤੇ ਹੋਵੇਗੀ ?
> ਸਤਿ ਕੀ ਪ੍ਰਾਪਤੀ ਬਿਨਾ ਕਿਸੀ ਕੀ ਕਲਯਾਨ ਨਹੀਂ,
> ਤਾ ਤੇ ਸੰਪੂਰਣ ਪੰਥ ਹੀ ਅਕਲਯਾਨ ਮੇ ਗਇਆ। ਇਹ ਦੂਖਣ
> ਕਾ ਪਹਾੜ ਤੇਰੇ ਸਿਰ ਪੜਾ, ਰੇ ਜਪਜੀ ਕਾ ਅਰਥ ਸਮਝੇ
> ਬਿਨਾਂ ਸੂੰਜ ਸਿਧ ਕਹਣੇ ਵਾਲੇ[6]।

ਭਾਈ ਸੰਤੋਖ ਸਿੰਘ ਦੇ ਸਰਪ੍ਰਸਤ ਰਾਜਾ ਉਦਯ ਸਿੰਘ ਨੂੰ, ਤੇ ਭਾਈ ਸਾਹਿਬ ਨੂੰ ਆਪ ਵੀ, ਉਦਾਸੀ ਸਾਧੂ ਅਨੰਦ ਘਨ ਦਾ ਇਹ ਲਿਖਣ-ਢੰਗ ਕਿਵੇਂ ਪਚ ਸਕਦਾ ਸੀ ? ਇਸ ਲਈ ਰਾਜਾ ਸ਼ਾਹਿਬ ਦੇ ਇਸ਼ਾਰੇ ਦੀ ਦੇਰ ਸੀ ਕਿ ਭਾਈ ਸਾਹਿਬ ਨੇ ਇਸ ਹੰਕਾਰੀ ਦਾ ਹੰਕਾਰ ਤੋੜਨ ਲਈ ਆਪਣੀ ਕਲਮ ਚੁੱਕ ਲਈ। ਭਾਈ ਸੰਤੋਖ ਸਿੰਘ ਨੇ ਜਪੁਜੀ ਦੇ ਵੱਧ ਤੋਂ ਵੱਧ ਕਾਵਿਕ ਗੁਣ ਉਜਾਗਰ ਕਰਨ ਅਤੇ ਵੱਧ ਤੋਂ ਵੱਧ ਅਰਥ ਪੇਸ਼ ਕਰਨ ਉੱਤੇ ਜ਼ੋਰ ਲਾਇਆ। ਉਹ ਅਨੰਦ ਘਨ ਨਾਲ ਇੱਕੋ ਨੁਕਤੇ ਉੱਤੇ ਸਹਿਮਤ ਸਨ ਕਿ ਗੁਰੂ ਸਾਹਿਬ ਦੀ ਰਚਨਾ ਵੇਦ ਦੀ ਅਨੁਸਾਰੀ ਹੈ। ੧ਓਅੰਕਾਰ ਦੇ ਅਰਥ ਦੱਸਦਿਆਂ ਆਪ ਨੇ ਲਿਖਿਆ :

> ਏਕੋ ਹੈ; ਏਕੇ ਕੇ ਕਕਾਰ ਤੇ ਓਂਕਾਰ ਨਿਕਾਸਯੋ। ਹੈ ਕੇ ਬੀਚ ਤੇ
> ਅਕਾਰ ਸਵਰ, ਅਰ ਮਕਾਰ ਕੀ ਜੋ ਬਨੀ ਬਿੰਦੀ ਸੋ ਦੋਊ
> ਨਿਕਾਸੇ ; ਤੀਨ ਅਖ੍ਯਰ ਹੋਤ ਭਏ। ਉਕਾਰ ਅਕਾਰ ਮਕਾਰ ਤੀਨੋ
> ਅਛਰੋ ਤੇ ਓਅੰ ਬਨਯੋ। ਸੋ ਇਕ ਓਅੰਕਾਰ ਅਰਥ ਭਯੋ। ਯਾ ਤੇ ਗੁਰੂ
> ਜੀ ਨੇ ਬੇਦੂ ਕੀ ਸੁਤਿ ਰਾਖੀ ਹੈ, ਨਹੀਂ ਤੋਂ ਬੇਦ ਭੀ ਤਿਨ
> ਕੇ ਹੀ ਸੁਵਾਸ ਰੂਪ ਥੇ। ਤਿਨੋ ਸੇ ਬਿਰੋਧ ਜੇ ਕਹਤੇ ਬਾਨੀ, ਤੋ
> ਅਪਨੇ ਮਤ ਮੇ ਬਿਰੋਧ ਪਰਤੋ। ਯਾ ਤੇ ਸੋਈ ਬਾਨੀ ਮੇ ਕਹਯੋ
> ਹੈ ਜੋ ਪੂਰਬ ਬੇਦ ਮੇ ਆਪਿ ਬਰਨਨ ਕਰਯੋ ਹੈ[7]।

ਬਹੁਤੀ ਹੰਕਾਰ-ਤੋੜਵੀਂ ਗੱਲ ਇਹੀ ਹੈ ਕਿ ਭਾਈ ਸਾਹਿਬ ਨੇ *ਜਪੁਜੀ* ਦੇ ਉਹ ਗੁਣ ਸਾਹਮਣੇ ਲਿਆਂਦੇ ਹਨ, ਜੋ ਅਨੰਦ ਘਨ ਤੋਂ ਗੁੱਝੇ ਰਹੇ ਸਨ।

ਇਸ ਟੀਕੇ ਨੂੰ ਪੜ੍ਹ ਕੇ ਜੋ ਪ੍ਰਭਾਵ ਮਨ ਉੱਤੇ ਪੈਂਦਾ ਹੈ ਉਹ ਇਹ ਹੈ ਕਿ ਭਾਈ ਸੰਤੋਖ ਸਿੰਘ ਦਾ ਸ਼ਬਦ-ਗਿਆਨ ਬੜਾ ਵਿਸ਼ਾਲ ਤੇ ਕਾਵਿ ਦੀ ਸੂਝ ਬੜੀ ਤਿੱਖੀ ਸੀ। ਉਹ ਨ ਸਿਰਫ਼ ਆਪ ਸੁੰਦਰ ਕਵਿਤਾ ਰਚਦੇ ਸਨ ਬਲਕਿ ਦੂਜਿਆਂ ਦੀ ਕਵਿਤਾ ਵਿੱਚੋਂ ਕਾਵਿਕ ਗੁਣਾਂ ਦੀ ਭਾਲ ਵੀ ਕਰ ਸਕਦੇ ਸਨ। ਇਕ ਘਾਟ ਜੋ, ਆਮ ਤੌਰ ਉੱਤੇ, ਤਕਰੀਬਨ ਸਾਰੇ ਪੁਰਾਣੇ ਟੀਕਾਕਾਰਾਂ ਵਿਚ ਮਿਲਦੀ ਹੈ, ਇਹ ਹੈ ਕਿ ਕਈ ਵਾਰੀ ਟੀਕੇ ਨੂੰ ਕੋਸ਼ ਵਿਚ ਬਦਲ ਦਿੱਤਾ ਜਾਂਦਾ ਹੈ। ਟੀਕੇ ਵਿਚ ਪ੍ਰਸੰਗ ਅਨੁਸਾਰ ਅਰਥ ਦੱਸੇ ਜਾਂਦੇ ਹਨ, ਜਦ ਕਿ ਕੋਸ਼ ਵਿਚ ਹਰ ਸੰਭਵ ਅਰਥ ਇਕੱਠੇ ਕੀਤੇ ਹੁੰਦੇ ਹਨ। ਭਾਈ ਸੰਤੋਖ ਸਿੰਘ ਨੇ, ਬੜੀ ਥਾਂ, ਅਰਥਾਂ ਨੂੰ ਪ੍ਰਸੰਗ ਤਕ ਸੀਮਿਤ ਰੱਖਣ ਦੀ ਥਾਂ ਹਰ ਸੰਭਵ ਅਰਥ ਭਰ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਪਾਠਕ ਮੂਲ ਨੂੰ ਸਮਝਣ ਦੀ ਥਾਂ ਬੜੀ ਵਾਰੀ ਔਝੜਾਂ ਵਿਚ ਭਟਕ ਜਾਂਦਾ ਹੈ। ਇਸੇ ਤਰ੍ਹਾਂ, ਬਹੁਤ ਵਾਰੀ ਬੇਲੋੜਾ ਤੇ ਫ਼ਾਲਤੂ ਵਿਸਤਾਰ ਦਿੱਤਾ ਗਿਆ ਹੈ ; '੧ਓਅੰਕਾਰ' ਦੇ ਉੱਪਰ ਦਿੱਤੇ ਅਰਥ ਮੇਰੇ ਇਸ ਕਥਨ ਦਾ ਸਬੂਤ ਹਨ।

6. *ਉਹੀ*, ਪੱਤ੍ਰਾ 28-31.
7. *ਗਰਬ ਗੰਜਨੀ* (ਵਿਕ੍ਰੇਤਾ : ਸੰਤ ਖਾਲਸਾ ਸਰੂਪ ਸਿੰਘ ਗਯਾਨੀ), ਪੰਨਾ 7.

ਗਰਬ ਗੰਜਨੀ ਟੀਕਾ ਅਨੰਦ ਘਨ ਦੇ ਟੀਕੇ ਤੋਂ ਕੋਈ 34 ਸਾਲ ਪਿੱਛੋਂ ਲਿਖਿਆ ਗਿਆ ਸੀ। ਗਿਆਨੀ ਖ਼ਜ਼ਾਨ ਸਿੰਘ ਦਾ ਕਥਨ ਕਿ ਅਨੰਦ ਘਨ "ਕੈਥਲ ਦਾ ਵਾਸੀ ਤੇ ਭਾਈ ਸੰਤੋਖ ਸਿੰਘ ਦਾ ਸਮਕਾਲੀ"[8] ਸੀ, ਠੀਕ ਨਹੀਂ ਜਾਪਦਾ।

(ੲ) ਇਤਿਹਾਸਕਾਰ ਵਜੋਂ

ਭਾਈ ਸੰਤੋਖ ਸਿੰਘ ਦੀਆਂ ਦੋ ਵੱਡੀਆਂ ਤੇ ਯਾਦਗਾਰੀ ਕਿਰਤਾਂ, *ਸ੍ਰੀ ਗੁਰੂ ਨਾਨਕ ਪ੍ਰਕਾਸ਼* ਅਤੇ *ਸ੍ਰੀ ਗੁਰ ਪ੍ਰਤਾਪ ਸੂਰਜ* ਹਨ। ਪਹਿਲੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਦਰਜ ਹੈ। ਇਹ ਗ੍ਰੰਥ ਦੋ ਹਿੱਸਿਆ ਵਿਚ ਵੰਡਿਆ ਹੋਇਆ ਹੈ : ਪੂਰਬਾਰਧ ਦੇ ਉੱਤਰਾਰਧ। ਪੂਰਬਾਰਧ ਵਿਚ 73 ਅਧਿਆਇ ਹਨ, ਉੱਤਰਾਰਧ ਵਿਚ 57; ਕੁੱਲ 130 ਬਣਦੇ ਹਨ। ਛੰਦਾ ਦੀ ਸੰਖਿਆ 6100 ਹੈ। ਡਾ. ਜਯ ਭਗਵਾਨ ਗੋਯਲ ਨੇ ਇਸ ਨੂੰ "ਐਤਿਹਾਸਿਕ ਮਹਾਕਾਵਯ" ਕਿਹਾ ਹੈ[9]।

ਦੂਜਾ ਗ੍ਰੰਥ ਸ੍ਰੀ *ਗੁਰ ਪ੍ਰਤਾਪ ਸੂਰਜ* ਬਹੁਤ ਵੱਡੇ ਆਕਾਰ ਦੀ ਰਚਨਾ ਹੈ। ਇਸ ਵਿਚ ਬਾਕੀ ਦੇ ਨੌਂ ਗੁਰੂਆਂ ਦੇ ਜੀਵਨ ਚਰਿੱਤਰ ਬੜੇ ਵਿਸਤਾਰ ਨਾਲ ਦਿੱਤੇ ਹੋਏ ਹਨ। ਇਨ੍ਹਾਂ ਤੋਂ ਛੁੱਟ ਬੰਦਾ ਬਹਾਦਰ ਦਾ ਵੀ ਪੂਰਾ ਪੂਰਾ ਹਾਲ ਦਿੱਤਾ ਹੋਇਆ ਹੈ। ਇਸ ਗੰਥ ਦਾ ਛੋਟਾ ਤੇ ਪ੍ਰਸਿੱਧ ਨਾਂ "*ਸੂਰਜ ਪ੍ਰਕਾਸ਼*" ਹੈ। ਇਸ ਦੀ ਰਚਨਾ, ਜਿਵੇਂ ਕਿ ਡਾ. ਜਯ ਭਗਵਾਨ ਗੋਯਲ ਨੇ ਦੱਸਿਆ ਹੈ, ਸ਼ਾਸਤ੍ਰੀ ਆਧਾਰ ਉੱਤੇ ਹੋਈ ਹੈ। ਇਸ ਵਿਚ ਕੁੱਲ ਮਿਲਾ ਕੇ 20 ਅਧਿਆਇ, 1151 ਅੰਸੂ (ਕਿਰਣਾਂ) ਤੇ 51829 ਛੰਦ ਹਨ। ਸਾਰੀ ਵਾਰਤਾ ਸੂਰਜ ਦੀ ਗਤੀ ਦੇ ਆਧਾਰ ਉੱਤੇ, 12 ਰਾਸ਼ੀਆਂ (ਰਾਸਿ), 6 ਰੁੱਤਾਂ ਤੇ 2 ਐਨਾਂ ਵਿਚ ਵੰਡੀ ਹੋਈ ਹੈ। ਇਹ ਸਭ, ਅੱਗੋਂ, ਆਪਣੀ ਥਾਂ ਤੇ ਅੰਸੂਆਂ (ਕਿਰਣਾਂ) ਵਿਚ ਵੰਡੇ ਹੋਏ ਹਨ[10]। ਅੰਸੂ ਜਾਂ ਕਿਰਣ ਤੋਂ ਇੱਥੇ ਭਾਵ ਅਧਿਆਇ ਜਾਂ ਸਰਗ ਤੋਂ ਹੈ। ਦੂਜੇ ਗੁਰੂ, ਸ੍ਰੀ ਅੰਗਦ ਦੇਵ ਜੀ ਤੋਂ ਨੌਵੇਂ ਗੁਰੂ, ਸ੍ਰੀ ਤੇਗ ਬਹਾਦਰ ਤਕ ਦਾ ਹਾਲ 12 ਰਾਸਿ ਵਿਚ ਮੁਕੰਮਲ ਕੀਤਾ ਗਿਆ ਹੈ ਤੇ ਅੰਤਲੇ ਗੁਰੂ, ਸ੍ਰੀ ਗੋਬਿੰਦ ਸਿੰਘ ਜੀ ਦਾ ਜੀਵਨ-ਚਰਿੱਤਰ ਛੇ ਰੁੱਤਾਂ ਤੇ ਦੋ ਐਨਾਂ ਵਿਚ ਬਿਆਨ ਕੀਤਾ ਹੋਇਆ ਹੈ। ਇਸ ਤਰ੍ਹਾਂ ਇਸ ਰਚਨਾ ਨੂੰ "ਸੂਰਜ" ਦੇ ਰੂਪਕ ਰਾਹੀਂ ਪੇਸ਼ ਕੀਤਾ ਗਿਆ ਹੈ ਤੇ ਇਸ ਦੀ ਸਾਰੀ ਬਣਤਰ ਉਸੇ ਦੀ ਗਤੀ ਅਨੁਸਾਰ ਬਣਾਈ ਗਈ ਹੈ। ਸ਼ਾਇਦ ਇਹ ਨਾਂ ਭਾਈ ਗੁਰਦਾਸ ਦੇ ਇਕ ਰੂਪਕ ਤੋਂ ਸੁੱਝਿਆ ਹੋਵੇ :

> ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਧੁ ਜਗ ਚਾਨਣੁ ਹੋਆ।
> ਜਿਉਕਰਿ ਸੂਰਜ ਨਿਕਲਿਆ, ਤਾਰੇ ਛਪੇ ਅੰਧੇਰੁ ਪਲੋਆ ॥
>
> (ਵਾਰ 1, ਪਉੜੀ 27)

ਡਾ. ਜਯ ਭਗਵਾਨ ਗੋਯਲ ਅਨੁਸਾਰ ਇਹ ਖ਼ਿਆਲ *ਕਥਾ ਸਰਿਤ ਸਾਗਰ* ਜਾਂ *ਰਾਜ ਤਰੰਗਣੀ* ਤੋਂ ਆਇਆ ਹੈ[11]। *ਨਾਨਕ ਪ੍ਰਕਾਸ਼* ਤੇ *ਸੂਰਜ ਪ੍ਰਕਾਸ਼* ਇੱਕੋ ਸੰਗਲੀ ਦੇ ਗ੍ਰੰਥ ਸਨ, ਇਸ ਲਈ ਭਾਈ ਵੀਰ ਸਿੰਘ ਨੇ ਇਨ੍ਹਾਂ ਨੂੰ ਸੰਪਾਦਨ ਸਮੇਂ, ਇੱਕੋ ਥਾਂ ਕਰ ਦਿੱਤਾ ਹੈ ਅਤੇ ਦੋਹਾਂ ਦਾ ਨਾਂ *ਗੁਰਪ੍ਰਤਾਪ ਸੂਰਜ ਗ੍ਰੰਥਾਵਲੀ* ਰੱਖਿਆ ਹੈ। ਸਾਡੇ ਅਗਲੇ ਅਧਿਐਨ ਦਾ ਵਿਸ਼ਾ ਇਹ ਦੋਵੇਂ ਗ੍ਰੰਥ ਹੋਣਗੇ।

ਨਾਨਕ ਪ੍ਰਕਾਸ਼ ਤੇ *ਗੁਰ ਪ੍ਰਤਾਪ ਸੂਰਜ* ਨੂੰ ਸਿੱਖ ਜਗਤ ਦੀਆਂ ਬਹੁਮੁੱਲੀਆਂ ਇਤਿਹਾਸਿਕ ਪੁਸਤਕਾਂ ਮੰਨਿਆ ਜਾਂਦਾ ਹੈ। ਬਾਵਾ ਪ੍ਰੇਮ ਸਿੰਘ ਹੋਤੀ ਨੇ ਇਨ੍ਹਾਂ ਨੂੰ "ਇਤਿਹਾਸਿਕ ਮਸਾਲੇ ਦਾ ਭਰਪੂਰ ਸਾਗਰ" ਕਿਹਾ ਹੈ[12]। ਪਿਆਰਾ ਸਿੰਘ ਪਦਮ ਦੇ ਖ਼ਿਆਲ ਵਿਚ ਜੇ *ਸੂਰਜ ਪ੍ਰਕਾਸ਼* ਤੇ *ਨਾਨਕ ਪ੍ਰਕਾਸ਼* ਨੂੰ ਠੱਪ ਦੇਈਏ ਤਾਂ ਸਾਡੇ ਕੋਲ ਗੁਰੂ-ਕਾਲ ਸੰਬੰਧੀ ਐਸਾ ਕੋਈ ਗ੍ਰੰਥ ਨਹੀਂ ਰਹਿ ਜਾਂਦਾ ਜੋ ਵਿਸਤਾਰ ਤੇ ਭਰੋਸੇ ਯੋਗ ਸਾਮਗਰੀ ਪੇਸ਼ ਕਰ ਸਕੇ[13]। ਸ. ਮਹਾਂ ਸਿੰਘ ਨੇ ਵੀ ਭਾਈ ਸਾਹਿਬ ਸੰਬੰਧੀ ਲਿਖੇ ਆਪਣੇ ਲੇਖ ਵਿਚ *ਸੂਰਜ ਪ੍ਰਕਾਸ਼* ਨੂੰ "ਗੁਰ ਇਤਿਹਾਸ .... ਦਾ ਮੂਲਕ ਗ੍ਰੰਥ" ਕਿਹਾ ਹੈ। ਇਹ ਸਾਰੇ ਵਿਦਵਾਨ ਇਸ ਨੂੰ ਇਤਿਹਾਸ ਮੰਨਦਿਆਂ

---

8. *ਜੀਵਨ ਕਥਾ*, ਪੰਨਾ 25.
9. *ਗੁਰਮੁਖੀ ਲਿਪਿ ਮੇਂ ਹਿੰਦੀ ਸਾਹਿਤਯ*, ਸਫ਼ਾ 262.
10. *ਉਹੀ*, ਸਫ਼ਾ 281.
11. *ਉਹੀ ਥਾਂ* (Loc.cit).
12. *ਜੀਵਨ ਕਥਾ*, ਪੰਨਾ 59 (ਰਣਜੀਤ ਸਿੰਘ ਖੜਗ ਦੁਆਰਾ ਉਧ੍ਰਿਤ)।
13. *ਉਹੀ*, ਪੰਨਾ 69.

ਹੋਇਆਂ ਵੀ ਇਤਿਹਾਸ ਵਜੋਂ ਇਸ ਦੀਆਂ ਤਰੁੱਟੀਆਂ ਤੋਂ ਜਾਣੂ ਹਨ। ਇਸੇ ਕਾਰਣ ਭਾਈ ਵੀਰ ਸਿੰਘ ਨੇ ਇਸ ਨੂੰ ਵਿਗਿਆਨਕ ਇਤਿਹਾਸ ਦੇ ਮੁਕਾਬਲੇ ਤੇ ਸਰਵ-ਪ੍ਰਿਯ-ਇਤਿਹਾਸ (Popular History) ਦਾ ਨਾਂ ਦਿੱਤਾ ਹੈ[14]। ਇਸ ਦਾ ਭਾਵ ਇਹ ਹੈ ਕਿ ਇਸ ਵਿਚ ਕਰਤਾ ਨੇ ਉਹ ਸਭ ਕੁੱਝ ਦਾਖ਼ਲ ਕਰ ਲਿਆ ਹੈ ਜਿਸ ਨੂੰ ਲੋਕਾਂ ਨੇ ਆਪਣੇ ਮਨ ਦਾ ਹਿੱਸਾ ਬਣਾ ਲਿਆ ਹੋਇਆ ਸੀ। ਅੱਜ-ਕਲ ਦੀ ਸ਼ਬਦਾਵਲੀ ਵਿਚ ਭਾਈ ਸਾਹਿਬ ਦਾ ਭਾਵ ਇਹ ਹੈ ਕਿ ਇਹ ਨਿਰੋਲ ਇਤਿਹਾਸ ਨਹੀਂ, ਸਾਹਿੱਤ ਦੀ ਉਹ ਧਾਰਾ ਹੈ ਜਿਸ ਨੂੰ "ਹੈਗੀਓਗ੍ਰੈਫ਼ੀਕਲ ਲਿਟਰੇਚਰ" ਦਾ ਨਾਂ ਦਿੱਤਾ ਜਾਂਦਾ ਹੈ। ਹੈਗੀਓਗ੍ਰੈਫ਼ਿਕ ਸਾਹਿੱਤ ਵਿਚ ਪੀਰਾਂ, ਫ਼ਕੀਰਾਂ, ਸੰਤਾਂ, ਮਹਾਤਮਾਵਾਂ, ਯੋਧਿਆਂ, ਸੂਰਬੀਰਾਂ, ਸ਼ਹੀਦਾਂ ਤੇ ਆਗੂਆਂ ਦਾ ਜੀਵਨ ਉਸ ਵੇਲੇ ਦੇ ਜਨ-ਸਾਧਾਰਣ ਦੇ ਵਿਸ਼ਵਾਸਾਂ ਦੇ ਅਨੁਕੂਲ ਲਿਖਿਆ ਗਿਆ ਹੁੰਦਾ ਹੈ। ਇਸ ਵਿਚ ਇਤਿਹਾਸ ਨਾਲੋਂ ਉਨ੍ਹਾਂ ਦੀਆਂ ਭਾਵਨਾਵਾਂ ਦਾ ਵਧੇਰੇ ਦਖ਼ਲ ਹੁੰਦਾ ਹੈ। ਕਰਾਮਾਤਾਂ,ਅਣਹੋਣੀਆਂ ਘਟਨਾਵਾਂ ਤੇ ਅਸੰਭਵ ਗੱਲਾਂ ਇਸ ਦਾ ਅੰਗ ਬਣਦੀਆਂ ਹਨ। ਡਾ. ਗੋਯਲ ਲਿਖਦਾ ਹੈ :[15]

> ਯਹ ਨਹੀਂ ਭੂਲਨਾ ਚਾਹਿਯੇ ਕਿ ਯਹ ਏਕ ਐਤਿਹਾਸਿਕ ਕਾਵਯ ਹੈ, ਇਤਿਹਾਸ-ਗ੍ਰੰਥ ਨਹੀਂ। ਇਤਿਹਾਸ ਮੇਂ ਤਿਥਿਯੋਂ ਏਵੰ ਘਟਨਾਓਂ ਕੀ ਯਥਾਰਥਤਾ ਏਵੰ ਸਤਯਤਾ ਕਾ ਉੱਲੇਖ ਕਿਯਾ ਜਾਤਾ ਹੈ ਜਬ ਕਿ ਐਤਿਹਾਸਿਕ ਕਾਵਯੋ ਮੇਂ ਇਸ ਕੇ ਅਤਿਰਿਕਤ ਏਕ ਵਿਸ਼ਿਸ਼ਟ ਚੇਤਨਾ ਭੀ ਹੋਤੀ ਹੈ। ਵਹ ਏਕ ਵਿਸ਼ੇਸ਼ ਉਦੇਸ਼ ਕੀ ਪੂਰਤੀ ਕੇ ਲਿਏ ਲਿਖੇ ਜਾਤੇ ਹੈਂ। ਉਨ ਮੇਂ ਐਸੇ ਤਥਯੋਂ ਕਾ ਪ੍ਰਤਿਪਾਦਨ ਹੋਤਾ ਹੈ, ਜੋ ਨਵ-ਚੇਤਨਾ ਜਾਗ੍ਰਿਤ ਕਰਤੇ ਹੈਂ।

ਭਾਈ ਵੀਰ ਸਿੰਘ ਨੇ ਇਸ ਸਾਰੀ ਰਚਨਾਂ ਨੂੰ 'ਉਨਰੀ ਸਾਹਿਤ' ਦੀ ਸ਼੍ਰੇਣੀ ਵਿਚ ਰੱਖਿਆ ਹੈ[16]। 'ਉਨਰੀ ਸਾਹਿੱਤ' ਤੋਂ ਉਨ੍ਹਾ ਦਾ ਭਾਵ ਉਹ ਸਾਹਿੱਤ ਹੈ ਜਿਸ ਵਿਚ ਇਤਿਹਾਸਿਕਤਾ ਦੀ ਥਾਂ ਕਾਵਿਕਤਾ ਮੁੱਖ ਹੁੰਦੀ ਹੈ ਤੇ ਜੋ "ਆਮ ਜਨਤਾ ਦੇ ਪੜ੍ਹਨ ਵਾਸਤੇ ਤੇ ਉਹਨਾਂ ਨੂੰ ਨਸਮਯ ਅਵਸਥਾ ਦੇਣ ਵਾਸਤੇ ਤੇ ਭੋਲੇ-ਭਾ ਸੁਸਿੱਖਯਤ ਕਰੀ ਜਾਣ ਵਾਸਤੇ" ਰਚਿਆ ਜਾਂਦਾ ਹੈ[17]। ਇਸ ਲਈ, ਇਸ ਸਾਰੇ ਸਾਹਿੱਤ ਉੱਤੇ "ਇਤਿਹਾਸ" ਦਾ ਲੇਬਲ ਲਾਉਣਾ ਠੀਕ ਨਹੀਂ। ਸੋ, ਅਸੀਂ ਡਾ. ਜਯ ਭਗਵਾਨ ਗੋਯਲ ਦੇ ਕਥਨ ਦਾ ਸਮਰਥਨ ਕਰਦਿਆਂ ਕਹਿ ਸਕਦੇ ਹਾਂ ਕਿ "ਆਧੁਨਿਕ ਯੁਗ ਮੇਂ ਇਤਿਹਾਸ ਕੀ ਜਿਸ ਵੈਗਿਆਨਿਕ ਪਰੰਪਰਾ ਕਾ ਵਿਕਾਸ ਹੋ ਰਹਾ ਹੈ, ਉਸ ਦ੍ਰਿਸ਼ਟਿ ਸੇ '*ਗੁਰ ਪ੍ਰਤਾਪ ਸੂਰਜ*' ਕੋ ਸਿੱਖ ਗੁਰੂਓਂ ਕਾ ਵੈਗਿਆਨਿਕ ਇਤਿਹਾਸ ਨਹੀਂ ਕਹਾ ਜਾ ਸਕਤਾ"[18]। ਅਸਲ ਵਿਚ ਕਵੀ ਜੀ ਆਪ ਵੀ ਇਤਿਹਾਸ-ਪੁਸਤਕ ਰਚਣ ਨਹੀਂ ਸਨ ਬੈਠੇ, ਭਾਵੇਂ ਕਿ ਉਹ ਇਸ ਨੂੰ ਗੁਰੂ ਇਤਿਹਾਸ ਦਾ ਨਾਂ ਦੇਣੋਂ ਸੰਕੋਚ ਨਹੀਂ ਕਰਦੇ। ਉਨ੍ਹਾਂ ਦਾ ਮੁਖ ਉੱਦੇਸ਼ ਗੁਰੂ-ਜਸ ਦਾ ਗਾਇਨ ਕਰਨਾ ਸੀ। ਉਨ੍ਹਾਂ ਨੇ ਥਾਂ-ਪਰ-ਥਾਂ ਆਪਣੇ ਉੱਦੇਸ਼ ਨੂੰ ਇਨ੍ਹਾਂ ਸ਼ਬਦਾਂ ਵਿਚ ਅੰਕਿਤ ਕੀਤਾ ਹੈ:

1. ਬਹੁਤ ਬਰਸ ਬੀਤੇ ਜਬਿ ਲਹੇ। *ਗੁਰ-ਜਸ* ਰਚਨ ਚਾਹਿਤੇ ਰਹੇ ॥ (*ਪ੍ਰਸਤਾ.* ਪੰਨਾ 138).
2. ਤਿਸ ਕੈਥਲ ਪੁਰਿ ਮਹਿ ਕਵਿ ਬਸੈ। *ਗੁਰ-ਜਸ* ਕਰਤਿ ਰਹਯੋ ਅਘ ਨਸੈ ॥ (*ਉਹੀ* ਪੰਨਾ 145).
3. ਸੁਰਸਰਿ ਸਮ *ਗੁਰ-ਕੀਰਤਿ* ਪਾਵਨ। ਜਿਸ ਕੇ ਮਿਲੇ ਪਾਪ ਗਨ ਜਾਵਨ ॥ (*ਉਹੀ* ਪੰਨਾ 150).
4. ਚਾਹਿਤ ਭਏ ਆਪ ਗੁਰ ਜਥਿਹੂੰ। ਭਾ ਸੰਚਯ ਦਸ *ਗੁਰ-ਜਸ* ਸਭਿਹੂੰ ॥ (*ਉਹੀ* ਪੰਨਾ 138).

ਸਪਸ਼ਟ ਹੈ ਕਿ ਕਵੀ ਦਾ ਮੁੱਖ ਆਸ਼ਾ ਗੁਰੂ-ਜਸ ਕਰਨਾ ਸੀ ਤੇ ਗੁਰੂ ਸਾਹਿਬ ਦੇ ਚਰਿੱਤਰ, ਇਸ ਆਸ਼ੇ ਦੀ ਪੂਰਤੀ ਦਾ ਸਾਧਨ ਸਨ। ਗੁਰੂ-ਵਿਅਕਤੀਆਂ ਦੀ ਵਡਿਆਈ ਨੂੰ ਉਨ੍ਹਾਂ ਦੇ ਕਾਰਨਾਮਿਆਂ ਅਤੇ ਦਿੱਤੀ ਸਿੱਖਿਆ ਤੋਂ ਨਿਖੇੜ ਕੇ ਦੇਖਣਾ ਸੰਭਵ ਨਹੀਂ ਸੀ, ਇਸ ਲਈ ਭਾਈ ਸਾਹਿਬ ਨੂੰ ਇਤਿਹਾਸ ਦਾ

---

14. *ਸੂਰਜ ਗ੍ਰੰਥ.* (ਪ੍ਰਸਤਾਵਨਾ), ਪੰਨੇ 77-78.
15. *ਗੁਰਮੁਖੀ ਲਿਪਿ ਮੇਂ ਹਿੰਦੀ-ਸਾਹਿਤਯ*, ਸਫ਼ਾ 284.
16. *ਸੂਰਜ ਗ੍ਰੰਥ.* (ਪ੍ਰਸਤਾਵਨਾ), ਪੰਨਾ 78.
17. *ਉਹੀ ਥਾਂ* (Loc.cit.).
18. ਜਯ ਭਗਵਾਨ ਗੋਯਲ : *ਗੁਰਮੁਖੀ ਲਿਪਿ ਮੇਂ ਹਿੰਦੀ ਸਾਹਿਤਯ*, ਸਫ਼ਾ 284-85.

ਆਸਰਾ ਲੈਣਾ ਪਿਆ। ਇਸ ਦਾ ਨਤੀਜਾ ਇਹ ਹੋਇਆ ਕਿ ਕਵੀ ਨੇ ਗੁਰੂ ਜੀ ਨਾਲ ਸੰਬੰਧਿਤ ਘਟਨਾਵਾਂ ਚਿਤਰੀਆਂ ਹਨ ਤੇ ਨਾਲ ਹੀ ਅਧਿਆਤਮਿਕ ਪਹਿਲੂ ਨੂੰ ਉਘਾੜਿਆ ਹੈ; ਉਹ ਪਾਠਕ ਨੂੰ ਪ੍ਰੇਰ ਕੇ ਉਸ ਜੀਵਨ ਵੱਲ ਲੈ ਜਾਂਦਾ ਹੈ ਜੋ ਦਸਾਂ ਪਾਤਸ਼ਾਹੀਆਂ ਨੇ ਦਿੱਤਾ। ਉਹ ਗੁਰਮਤਿ ਦੀਆਂ ਗੁੰਝਲਾਂ ਖੋਲ੍ਹਦਾ ਹੈ ਅਤੇ ਪੌਰਾਣਿਕ ਲਿਖਣ-ਰੀਤੀ ਅਨੁਸਾਰ ਜਿੱਥੇ ਕਿਤੇ ਕੋਈ ਪ੍ਰਸੰਗ ਜਾਂ ਵਿਚਾਰ-ਪੁਰਾਣਾਂ ਤੋਂ ਲਿਆ ਜਾਂ ਵੇਦਾਂ ਉਪਨਿਸ਼ਦਾਂ ਤੋਂ ਆਇਆ ਮਿਲਦਾ ਹੈ, ਉਹ ਉਸ ਨੂੰ ਪੂਰੇ ਵਿਸਥਾਰ ਸਹਿਤ ਖੋਲ੍ਹਦਾ ਹੈ। ਇਸ ਤਰ੍ਹਾਂ ਇਹ ਗ੍ਰੰਥ ਅਧਿਆਤਮਿਕ, ਪੌਰਾਣਿਕ, ਇਤਿਹਾਸਿਕ ਤੇ ਸਭਿਆਚਾਰਕ ਸੂਚਨਾ ਦਾ ਅਖੁੱਟ ਭੰਡਾਰ ਬਣਿਆ ਹੋਇਆ ਹੈ। ਇਹ ਇਕ ਤਰ੍ਹਾਂ ਦਾ ਵਿਸ਼ਵ ਕੋਸ਼ ਹੈ, ਕੇਵਲ ਇਤਿਹਾਸ ਨਹੀਂ।

ਸੁਰਗਵਾਸੀ ਲੇਖਕ ਸ. ਰਣਜੀਤ ਸਿੰਘ ਖੜਗ ਨੇ ਅੰਗ੍ਰੇਜ਼ ਇਤਿਹਾਸਕਾਰ ਸਰ ਜੌਨ ਮੈਲਕਮ ਦੇ ਹਵਾਲੇ ਨਾਲ ਇਹ ਕਿਹਾ ਹੈ ਕਿ 'ਮਨੁੱਖਤਾ ਦੇ ਸਾਧਾਰਣ ਇਤਿਹਾਸ ਦੀ ਹਰ ਪੜਚੋਲ ਵਿਚ ਅਤਿ ਜ਼ਰੂਰੀ ਮਹੱਤਵ ਵਾਲੀ ਗੱਲ ਇਹ ਹੁੰਦੀ ਹੈ ਕਿ ਕੌਮ ਆਪਣੀ ਬਾਬਤ ਆਪ ਕੀ ਆਖਣਾ ਚਾਹੁੰਦੀ ਹੈ'[19]। ਇਸ ਦ੍ਰਿਸ਼ਟੀ ਤੋਂ ਵੇਖਿਆਂ *ਸੂਰਜ ਪ੍ਰਕਾਸ਼* ਨਿਸਚੇ ਹੀ ਪਿਛਲੇ ਪੰਜ ਸੌ ਸਾਲਾਂ ਦਾ ਬੜਾ ਭਾਵਪੂਰਿਤ ਇਤਿਹਾਸ ਹੈ।

ਭਾਈ ਸਾਹਿਬ ਦੀ ਲਿਖਤ ਦੇ ਇਤਿਹਾਸਿਕ-ਸਰੋਤ

ਗੁਰੂ-ਵਿਅਕਤੀਆਂ ਦੇ ਚਰਿੱਤਰ ਰਚਣ ਵਿਚ ਭਾਈ ਸੰਤੋਖ ਸਿੰਘ ਨੇ ਬੜੀ ਮਿਹਨਤ ਤੇ ਈਮਾਨਦਾਰੀ ਤੋਂ ਕੰਮ ਲਿਆ ਹੈ। ਇਨ੍ਹਾਂ ਦੋਹਾਂ ਚੀਜ਼ਾਂ ਦਾ ਪਤਾ ਉਦੋਂ ਲਗਦਾ ਹੈ, ਜਦੋਂ ਅਸੀਂ ਭਾਈ ਸਾਹਿਬ ਦੀ ਲਿਖਤ ਦਾ ਅਧਿਐਨ ਉਸ ਦੇ ਸੋਮਿਆਂ ਨੂੰ ਸਾਮ੍ਹਣੇ ਰੱਖ ਕੇ ਕਰਦੇ ਹਾਂ। ਭਾਈ ਵੀਰ ਸਿੰਘ ਦੀ ਖੋਜ ਅਨੁਸਾਰ ਭਾਈ ਸੰਤੋਖ ਸਿੰਘ ਨੇ *ਸ੍ਰੀ ਗੁਰੂ ਨਾਨਕ ਪ੍ਰਕਾਸ਼* ਦੀ ਰਚਨਾ ਲਈ ਹੇਠ ਲਿਖੇ ਸੋਮੇ ਵਰਤੇ ਹਨ[20] :

1. *ਭਾਈ ਬਾਲੇ ਵਾਲੀ ਜਨਮ ਸਾਖੀ* ਸ੍ਰੀ ਗੁਰੂ ਨਾਨਕ ਦੇਵ ;
2. *ਭਾਈ ਗੁਰਦਾਸ ਦੀਆਂ ਵਾਰਾਂ* ;
3. ਭਾਈ ਮਨੀ ਸਿੰਘ ਦੇ ਨਾਂ ਤੇ ਚੱਲੀਆਂ *ਗਿਆਨ ਰਤਨਾਵਲੀ* ਤੇ *ਸਿੱਖਾਂ ਦੀ ਭਗਤ ਮਾਲਾ* ਨਾਂ ਦੀਆਂ ਪੋਥੀਆਂ ;
4. *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿਚ ਆਈ ਬਾਣੀ।

ਭਾਈ ਵੀਰ ਸਿੰਘ ਦਾ ਮਤ ਹੈ ਕਿ ਭਾਈ ਸੰਤੋਖ ਸਿੰਘ ਜੀ ਪਾਸ *ਪੁਰਾਤਨ ਜਨਮਸਾਖੀ* ਦਾ ਖਰੜਾ ਨਹੀਂ ਸੀ। ਇਸੇ ਲਈ ਇਸ ਪਾਸਿਓਂ ਕੋਈ ਬਹੁਤ ਮਸਾਲਾ ਆਇਆ ਨਹੀਂ ਲਗਦਾ ; ਵੱਡਾ ਸਰੋਤ *ਭਾਈ ਬਾਲਾ ਵਾਲੀ ਜਨਮ-ਸਾਖੀ* ਹੀ ਹੈ। ਜ਼ਰੂਰੀ ਜ਼ਰੂਰੀ ਥਾਵਾਂ ਉੱਤੇ ਜਿਵੇਂ ਅੰਮ੍ਰਿਤਸਰ, ਕਰਤਾਰਪੁਰ, ਆਦਿ ਤੇ ਆਪ ਜਾ ਕੇ ਲੋੜੀਂਦੀ ਵਾਕਫ਼ੀਅਤ ਵੀ ਇਕੱਤਰ ਕੀਤੀ ਗਈ[21]।

ਇਹ ਮਹਾਨ ਗ੍ਰੰਥ ਲਗਭਗ ਨੌਂ-ਦਸ ਸਾਲਾਂ ਵਿਚ ਸਮਾਪਤ ਹੋਇਆ। ਪ੍ਰਸੰਗ ਚੁਣਨ ਵਿਚ ਕਵੀ ਜੀ ਨੇ ਇਕ ਧਿਆਨ ਜ਼ਰੂਰ ਰੱਖਿਆ। ਉਹ ਇਹ ਕਿ ਗੁਰੂ ਜੀ ਦੇ ਅਪਜਸ ਵਾਲੇ ਸਾਰੇ ਪ੍ਰਸੰਗ, ਜਿਵੇਂ ਗੁਰੂ ਨਾਨਕ ਦਾ ਪਿਛਲੇ ਜਨਮ ਵਿਚ ਤੇਲੀ ਹੋਣਾ, ਬਾਬੇ ਹਿੰਦਾਲ ਦਾ ਗੁਰੂ ਨਾਨਕ ਨਾਲੋਂ ਵੱਡਾ ਹੋਣਾ, ਬਾਬਾ ਜੀ ਦਾ ਮਾਤਾ ਮੰਝੋਤ ਨਾਲ ਸ਼ਾਦੀ ਕਰਨਾ, ਆਦਿ ਆਪਣੇ ਸੰਗ੍ਰਹਿ ਵਿੱਚੋਂ ਕੱਢ ਦਿੱਤੇ। ਇਸ ਸੰਬੰਧੀ ਕਵੀ ਜੀ ਆਪ ਲਿਖਦੇ ਹਨ :

ਆਦਿ ਸੁਧਾਸਰ ਜੋ ਅਸਥਾਨਾ। ਖੋਜ ਖੋਜ ਨੀਕੇ ਬਿਧ ਨਾਨਾ ॥
ਲਿਖੀ ਦੇਖ ਤੇਤੀ ਬਹੁ ਥਾਂਈ। ਕੇਤੀ ਸੁਣੀ ਜੋ ਮਨਹਿ ਭਾਈ ॥
ਬੀਨ ਬੀਨ ਗੁਰੂ ਮਹਿਮਾ ਆਛੀ। ਮਾਖੁਨ ਜਯੋਂ ਲੀਨੀ ਤਜ ਛਾਛੀ ॥

ਗੁਰੂ ਨਾਨਕ ਪ੍ਰਕਾਸ਼ ਦੇ ਪ੍ਰਸੰਗ ਭਾਈ ਬਾਲਾ ਦੇ ਮੂੰਹ ਵਿਚ ਪਾ ਕੇ ਵਰਣਿਤ ਕੀਤੇ ਗਏ ਹਨ ਤੇ *ਗੁਰ ਪ੍ਰਤਾਪ ਸੂਰਜ ਗ੍ਰੰਥ* ਦੇ ਪ੍ਰਸੰਗ ਬਾਬਾ ਬੁੱਢਾ ਜੀ ਦੇ ਵੰਸ਼ਜ, ਭਾਈ ਰਾਮ ਕੋਇਰ ਜੀ ਦੀ ਜ਼ਬਾਨੀ। ਪਹਿਲੇ ਦੀ ਰਚਨਾ ਸੰਮਤ 1880 ਬਿ./1823 ਈ. ਵਿਚ ਹੋ ਚੁੱਕੀ ਸੀ। ਨਵੇਂ ਕਾਰਜ ਲਈ ਵੀ ਕਵੀ ਨੂੰ ਥਾਂ ਥਾਂ ਫਿਰਨਾਂ

---

19. *ਜੀਵਨ ਕਥਾ*, ਪੰਨਾ 68.
20. *ਸੂਰਜ ਗ੍ਰੰਥ.* (ਪ੍ਰਸਤਾਵਨਾ), ਪੰਨੇ 177-78.
21. *ਉਹੀ*, ਪੰਨੇ 153 ਅਤੇ 177-78.

ਪਿਆ। ਭਾਈ ਵੀਰ ਸਿੰਘ ਜੀ ਨੇ ਉਨ੍ਹਾਂ ਦੇ ਹਡਿਆਏ, ਖਿਆਲਾਂ, ਬਾਰਨੇ, ਬਣੀ ਬਦਰਪੁਰ, ਚਿਹਕਾ, ਨਸਕਾ, ਦਿੱਲੀ, ਜੈਪੁਰ, ਕਾਂਸ਼ੀ, ਪਾਉਂਟਾ, ਆਨੰਦਪੁਰ, ਆਦਿ ਥਾਵਾਂ ਉੱਤੇ ਆਪ ਜਾ ਕੇ ਮਸਾਲਾ ਇਕੱਠਾ ਕਰਨ ਦਾ ਅਨੁਮਾਨ ਲਾਇਆ ਹੈ ਤੇ ਇਤਿਹਾਸਿਕ ਗ੍ਰੰਥ ਜਿਨ੍ਹਾਂ ਵਿੱਚੋਂ ਉਨ੍ਹਾਂ ਨੇ ਲਾਭ ਉਠਾਇਆ, ਉਨ੍ਹਾਂ ਬਾਰੇ ਭਾਈ ਸਾਹਿਬ ਦਾ ਅਨੁਮਾਨ ਹੇਠ-ਲਿਖੇ ਅਨੁਸਾਰ ਹੈ[22]:

1. *ਦਸਮ ਗ੍ਰੰਥ*
2. ਭਾਈ ਨੰਦ ਲਾਲ ਦੀਆਂ ਰਚਨਾਵਾਂ
3. ਰਮਦਾਸ ਵਾਲੀਆਂ ਸਾਖੀਆਂ (ਬਾਬਾ ਬੁੱਢਾ ਜੀ ਦੀ ਵੰਸ਼ ਤੋਂ ਪ੍ਰਾਪਤ)
4. *ਸਿੱਖਾਂ ਦੀ ਭਗਤ-ਮਾਲਾ*
5. *ਮਹਿਮਾ ਪ੍ਰਕਾਸ਼*
6. *ਪਰਚੀਆਂ ਸੇਵਾ ਦਾਸ*
7. *ਸੌ ਸਾਖੀ*
8. *ਗੁਰ ਬਿਲਾਸ ਪਾਤਸਾਹੀ ਛੇਵੀਂ*
9. *ਗੁਰ ਬਿਲਾਸ ਪਾਤਸ਼ਾਹੀ ਦਸਵੀਂ*
10. ਸ਼੍ਰੀ ਗੁਰੂ ਤੇਗ਼ ਬਹਾਦਰ ਤੇ ਦਸ਼ਮੇਸ਼ ਜੀ ਦੇ ਮਾਲਵਾ ਦੇਸ ਰਟਣ ਦੀਆਂ ਸਾਖੀਆਂ
11. *ਸਿੰਘ ਸਾਗਰ*

ਭਾਈ ਸਾਹਿਬ ਦੀ ਲਿਖਤ ਦੀ ਸਰੋਤਾਂ ਪ੍ਰਤੀ ਈਮਾਨਦਾਰੀ

ਭਾਈ ਸਾਹਿਬ ਨੇ *ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਆਏ ਪ੍ਰਸੰਗਾਂ ਦੀ ਤੁਲਨਾ ਇਨ੍ਹਾਂ ਸਰੋਤਾਂ ਵਿਚ ਆਏ ਪ੍ਰਸੰਗਾਂ ਨਾਲ ਕੀਤੀ ਹੈ। ਇਹ ਅਧਿਐਨ ਭਾਈ ਸੰਤੋਖ ਸਿੰਘ ਦੀ ਈਮਾਨਦਾਰੀ ਦੀ ਗਵਾਹੀ ਭਰਦਾ ਹੈ। ਪਰ ਭਾਈ ਸਾਹਿਬ ਨੇ ਅੰਧਾ-ਧੁੰਦ ਸਾਰੇ ਪ੍ਰਸੰਗ ਨਹੀਂ ਲਏ। ਉਨ੍ਹਾਂ ਨੇ ਛਾਂਟੀ ਕੀਤੀ ਹੈ, ਜਿਵੇਂ ਕਿ ਸ. ਰਣਜੀਤ ਸਿੰਘ 'ਖੜਗ' ਨੇ ਆਪਣੇ ਲੇਖ "ਇਤਿਹਾਸਕਾਰ ਸੰਤੋਖ ਸਿੰਘ" ਵਿਚ ਦਰਸਾਇਆ ਹੈ, ਭਾਈ ਸੰਤੋਖ ਸਿੰਘ ਨੇ ਇਹੋ ਜੇਹੇ ਪ੍ਰਸੰਗ (ਮੂਲ ਵਿਚੋਂ ਵੇਖੋ), ਜਿਵੇਂ ਕਿ ਰਾਮ ਰਾਇ ਦਾ ਜਨਮ ਗੁਰ ਸਾਹਿਬ ਦੀ ਕ੍ਰਿਪਾ-ਦ੍ਰਿਸ਼ਟਿ ਨਾਲ ਵਰੋਸਾਏ ਦੁੱਧ ਨੂੰ ਪੀ ਜਾਣ ਵਾਲੀ ਇਕ ਦਾਸੀ ਦੇ ਪੇਟੋਂ ਹੋਇਆ, ਜਾਂ ਗੁਰੂ ਗੋਬਿੰਦ ਸਿੰਘ ਉੱਪਰ ਉਨ੍ਹਾਂ ਦੇ ਧਰੋਹੀ ਨੇ ਚੋਪੜ ਖੇਡਦੇ ਸਮੇਂ ਵਾਰ ਕੀਤਾ ਜਾਂ ਇਹ ਕਿ ਗੁਰੂ ਸਾਹਿਬ ਨੇ ਦੱਖਣ ਜਾਂਦਿਆਂ ਇਕ ਹੋਰ ਸ਼ਾਦੀ ਕੀਤੀ, ਰੱਦ ਕਰ ਦਿੱਤੇ[23]।

ਪਰ ਇਹ ਕੋਸ਼ਿਸ਼ ਮਾਤਰ ਹੀ ਸੀ ਕਿਉਂਕਿ ਇਸ ਦੀ ਸੀਮਾ ਉਨ੍ਹਾਂ ਦੇ ਆਪਣੇ ਗਿਆਨ ਨੇ ਨਿਸਚਿਤ ਕੀਤੀ ਹੋਈ ਸੀ। ਸੁਭਾ ਵਿਚ ਇਤਿਹਾਸਕਾਰ ਨਾਲੋਂ ਵਧੇਰੇ ਕਵੀ ਹੋਣ ਕਰਕੇ ਉਨ੍ਹਾਂ ਕੋਲੋਂ ਕਈ ਅਜੇਹੇ ਪ੍ਰਸੰਗ ਸ਼ਾਮਿਲ ਹੋ ਗਏ ਜੋ ਅੱਜ ਦੀ ਕਸਵੱਟੀ ਉੱਤੇ ਪੂਰੇ ਨਹੀਂ ਉਤਰਦੇ। ਉਦਾਹਰਣ ਵਜੋਂ, *ਸੌ ਸਾਖੀ* ਦੇ ਬਹੁਤੇ ਪ੍ਰਸੰਗ ਕਵੀ ਜੀ ਨੇ ਬਿਨਾਂ ਪਰਖੇ-ਪੜਚੋਲੇ ਦੇ ਹੀ ਲੈ ਲਏ। ਹੋ ਸਕਦਾ ਹੈ ਕਿ ਇਨ੍ਹਾਂ ਪ੍ਰਸੰਗਾਂ ਨੂੰ ਰੱਖਣ ਦਾ ਕਾਰਣ ਕਵੀ ਜੀ ਦਾ ਵਿਰੋਧ ਹੋਵੇ। ਇਨ੍ਹਾਂ ਦੀ ਲਿਖਤ ਵਿਚ ਇਸ ਤਰ੍ਹਾਂ ਦੇ ਬਚਨ ਥਾਂ-ਪਰ-ਥਾਂ ਮਿਲਦੇ ਹਨ ਜਿਨ੍ਹਾਂ ਤੋਂ ਕੁਝ ਉੱਪਦਰੀਆਂ ਵਲੋਂ ਕੰਮ ਵਿਚ ਰੋਕ ਪਾਉਣ ਵਾਲੇ ਇਸ਼ਾਰੇ ਹਨ। *ਸੂਰਜ ਗ੍ਰੰਥਾਵਲੀ* ਦੀ ਪਹਿਲੀ ਜਿਲਦ(ਪ੍ਰਸਤਾਵਨਾ) ਵਿਚ ਇਸ ਦੇ ਸਬੂਤ ਵਜੋਂ ਹੇਠ ਲਿਖੇ ਨਮੂਨੇ ਪੇਸ਼ ਕੀਤੇ ਗਏ ਹਨ:[24]

(ੳ) ਮੰਦਮਤੀ ਚਹਿ ਬਾਦ ਘਨੇਰਾ। ਤਿਂਹ ਸੋਂ ਕੈਸੇ ਹੁਇ ਨ ਨਿਬੇਰਾ ॥

(ਅ) ਸੁਰਸਰਿ ਸਮ ਗੁਰ ਕੀਰਤਿ ਪਾਵਨ। ਜਿਸ ਕੇ ਮਿਲੇ ਪਾਪ ਗਨ ਜਾਵਨ ॥
ਨਿੰਦਕ ਮੂਰਖ ਮਤਸਰ ਧਾਰੀ। ਰਾਸ਼ਭ, ਮਹਿਖ, ਕੋਲ ਸਮ ਭਾਰੀ ॥39॥
ਖੋਰੂ ਪਾਇ ਕੁਬਚ ਕੋ ਭਾਖੈਂ। ਦੂਖਤਿ ਕਰਨ ਗਾਂਧਲੀ ਕਾਂਖੈ ॥
ਸੋ ਝਖ ਮਾਰਤਿ ਰਹੈ ਕੁਪੱਤਿ। ਬਿਗਰਹਿ ਨਹਿਂ ਕਬਹੂੰ ਰਸ ਅੱਤਿ ॥40॥

---

22. *ਉਹੀ*, ਪੰਨੇ 178-92.
23. *ਜੀਵਨ ਕਥਾ*, ਪੰਨੇ 69-70.
24. ਦੇਖੇ ਪੰਨਾ 49-151.

(ੲ) ਦਸ ਪਤਿਸ਼ਾਹਨ ਕੇ ਸ਼ੁਭ ਚਰਨ। ਧਰਿ ਕਰਿ ਧਯਾਨ ਬਿਘਨ ਕਿਯ ਹਰਨ ॥
ਅਭਿਲਾਖਾ ਨਿਜ ਪੂਰਨ ਕਰੀ। ਦੁਸ਼ਟਨ ਕੀ ਮਤਿ ਕਛੂ ਨਹਿਂ ਅਰੀ ॥49॥

(ਸ) ਮਹਿਖ ਕੋਲ, ਖਰ ਸ੍ਵਾਨ ਮਿਲ ਚਹੈਂ ਮਲਿਨ ਕਰ ਰੰਗ ॥
ਤਿਮ ਬਾਦੀ ਗੁਰ ਕਥਾ ਕੋ ਚਲੈ ਨਾ ਬਸਿ ਕੁਛ ਸੰਗ ॥32॥

ਇਨ੍ਹਾਂ ਪੰਗਤੀਆਂ ਉੱਪਰ ਚਰਚਾ ਕਰਦਿਆਂ ਭਾਈ ਵੀਰ ਸਿੰਘ ਜੀ ਕਿਆਸ ਲਾਉਂਦੇ ਹਨ : "ਵਿਘਨਕਾਰੀ ਕੈਥਲ ਵਿਚ ਹਨ; ਉਨ੍ਹਾਂ ਦਾ ਮਨੋਰਥ ਕਥਾ ਵਿਚ ਰਲੇ ਪਾਉਣ ਦਾ ਹੈ, ਉਹ ਯਤਨ ਕਰਦੇ ਹਨ, ਪਰ ਉਹ *ਗੁਰ ਪ੍ਰਤਾਪ ਸੂਰਜ* ਦੀ ਰਚਨਾ ਦੇ ਕੰਮ ਨੂੰ ਬੰਦ ਕਰਵਾ ਦੇਣ ਵਿਚ ਨਾ-ਕਾਮਯਾਬ ਹੋ ਜਾਂਦੇ ਹਨ, ਏਹ ਗੱਲਾਂ ਕਵੀ ਜੀ ਦੇ ਇਨ੍ਹਾਂ ਲੇਖਾਂ ਤੋਂ ਸਪਸ਼ਟ ਸਿੱਧ ਹੈਨ"[25]।

ਇਹ ਵਿਘਨਕਾਰੀ ਕੌਣ ਸਨ : ਕੈਥਲ ਵਿਚ ਕਵੀ ਜੀ ਬ੍ਰਾਹਮਣਾਂ ਤੇ ਹਿੰਦੂ ਸਨਿਆਸੀਆਂ ਨਾਲ ਘਿਰੇ ਹੋਏ ਸਨ; ਰਾਜੇ ਨੇ ਉਨ੍ਹਾਂ ਦੀ ਸਹਾਇਤਾ ਲਈ ਚਾਰ ਵਿਦਵਾਨ ਲਾਏ ਹੋਏ ਸਨ। ਪਰ "ਉਨ੍ਹਾਂ ਦਾ ਪ੍ਰਭਾਉ ਕੁੰਡੇ ਵਾਲਾ ਸੀ। ਏਹ ਬ੍ਰਾਹਮਣ ਤੇ ਬ੍ਰਾਹਮਣੀ ਖ਼ਿਆਲਾਤ ਦੇ ਸਨ। ਏਹ ਗੁਰਸਿੱਖੀ ਦੇ ਆਦਰਸ਼ਾਂ ਨੂੰ ਸਮਝਦੇ ਨਹੀਂ ਸਨ ਤੇ ਇਸ ਗ੍ਰੰਥ ਨੂੰ ਨਿਰੋਲ ਆਪਣੇ ਖ਼ਿਆਲਾਤ ਦਾ ਸੀਸ਼ਾ ਬਣਾਇਆ ਚਾਹੁੰਦੇ ਸਨ"[26]। ਕੁੱਝ ਇਸ ਤਰ੍ਹਾਂ ਦੇ ਹਾਲਾਤ ਸਨ ਜਿਨ੍ਹਾਂ ਵਿਚ, ਵੀਹ-ਵਿਸਵੇ, ਕਵੀ ਜੀ ਨੂੰ ਦੇਵੀ-ਪੂਜਨ ਦਾ ਪ੍ਰਸੰਗ *ਗੁਰ ਪ੍ਰਤਾਪ ਸੂਰਜ* ਵਿਚ ਦਾਖ਼ਲ ਕਰਨਾ ਪਿਆ[27]। ਇਕ ਹੋਰ ਗੱਲ ਇਹ ਕਿ ਉਦੋਂ ਇਤਹਾਸ ਨੂੰ ਵਿਗਿਆਨਕ ਲੀਹਾਂ ਉੱਤੇ ਸਿਰਜਨ ਦਾ ਰਿਵਾਜ ਨਹੀਂ ਸੀ। "ਦੰਦ ਕਥਾਵਾਂ, ਸਾਖੀਆਂ, ਰਵਾਇਤਾਂ, ਸੁਣੀਆਂ-ਸੁਣਾਈਆਂ ਗੱਲਾਂ ਉੱਤੇ ਆਮ ਤੌਰ ਉੱਤੇ ਵਿਸ਼ਵਾਸ ਕਰ ਲਿਆ ਜਾਂਦਾ ਸੀ, ਲਿਖਤੀ ਉਗਾਹੀ ਉੱਤੇ ਜ਼ੋਰ ਦੇਣ ਦਾ ਰਿਵਾਜ ਨਹੀਂ ਸੀ"[28]।

ਭਾਈ ਵੀਰ ਸਿੰਘ ਤੇ ਭਾਈ ਸੰਤੋਖ ਸਿੰਘ ਜੀ ਦੇ ਹੋਰਨਾਂ ਪ੍ਰਸੰਸਕਾਂ ਨੇ, ਕਵੀ ਦੇ ਅੰਦਰ ਵੱਸ ਰਹੀ ਇਤਿਹਾਸਿਕ ਗਿਆਨ ਲਈ ਖੋਜੀ ਰੁਚੀ ਦਾ ਜ਼ਿਕਰ ਕੀਤਾ ਹੈ[29]। ਇਹ ਦੱਸਦੇ ਹਨ ਕਿ ਕਿਸ ਤਰ੍ਹਾਂ ਕਵੀ ਜੀ ਨੇ ਇਤਿਹਾਸਿਕ ਮਸਾਲਾ ਇਕੱਤਰ ਕਰਨ ਲਈ ਥਾਂ-ਪਰ-ਥਾਂ ਸਫ਼ਰ ਕੀਤੇ ਅਤੇ ਜਿਵੇਂ ਵੀ ਕੋਈ ਚੀਜ਼ ਮਿਲੀ, ਉਸ ਦਾ ਜ਼ਿਕਰ ਉਸੇ ਤਰ੍ਹਾਂ ਲਿਖਤ ਵਿਚ ਕਰ ਦਿੱਤਾ। ਉਦਾਹਰਣ ਵਜੋਂ, ਦੇਖੋ ਇਹ ਪੰਗਤੀਆਂ :

1. ਅਬ ਲੌ ਤਹਾਂ ਖਰੀ ਤਰੁ ਬਨੀ। ਹਮ ਨੇ ਕਰੀ ਨਿਹਾਰਨ ਘਨੀ ॥
(ਰਾਸ 10, ਅੰਸੂ 4)

2. ਕਹਿ ਕਵਿ ਸਿੰਘ ਬੰਸ ਤਿਸ ਕੇਰਾ। ਗ੍ਰਾਮ ਬਾਰਨੇ ਮਹਿਂ ਅਬਿ ਹੇਰਾ ॥
(ਰਾਸ 11, ਅੰਸੂ 44)

3. ਹੇਰ ਨਰਨ ਤਿਹਠਾਂ ਸਸਕਾਰਾ। ਅਬਲੌ ਚਿੰਨ੍ਹਤਿ ਥਾਨ ਨਿਹਾਰਾ ॥
(ਰੁਤ 1, ਅੰਸੂ 5)

4. ਕਵਿ ਸੰਤੋਖ ਸਿੰਘ ਵਰਤਿ ਉਚਾਰੇ। ਇਸ ਕੋ ਗ੍ਰਾਮ ਸੁ ਨਿਕਟ ਹਮਾਰੇ ॥
ਚਹੁੰਦਿਸ਼ ਸਿੰਘਨ ਰਾਜ ਬਡੇਰਾ। ਠਸਕਾ ਗ੍ਰਾਮ ਬੀਚ ਹਮ ਹੇਰਾ ॥
(ਰਾਸ 2, ਅੰਸੂ 56)

5. ਦ੍ਵੈ ਭ੍ਰਾਤਾ ਥੇ ਹਮ ਪਿਖੇ ਗੁਰ ਬਰ ਨਿਤ ਸਾਚਾ ॥
(ਰੁਤ 2, ਅੰਕ 34)

6. ਅਬ ਗੁਰ ਜਾਗਾ ਨਾਮ ਕੋ ਭਾਖਤ ਹੈਂ ਟੋਕਾਂ ॥
ਸਿੰਘਨ ਤੇ ਹਮ ਸ਼੍ਰੋਨ ਸੁਨ ਨਹਿਂ ਆਂਖ ਬਿਲੋਕਾ ॥
(ਰੁਤ 2, ਅੰਸੂ 33)

25. *ਸੂਰਜ ਗ੍ਰੰਥ* (ਪ੍ਰਸਤਾਵਨਾ), ਪੰਨਾ 151.
26. *ਉਹੀ*, ਪੰਨਾ 148.
27. *ਜੀਵਨ ਕਥਾ*, ਪੰਨਾ 59.
28. ਰਣਜੀਤ ਸਿੰਘ 'ਖੜਗ', "ਇਤਿਹਾਸਕਾਰ ਸੰਤੋਖ ਸਿੰਘ", *ਜੀਵਨ ਕਥਾ*, ਪੰਨਾ 71.
29. *ਉਹੀ*, ਪੰਨਾ 75; *ਸੂਰਜ ਗ੍ਰੰਥ*, ਪੰਨੇ 151-55.

7. ਕਹਿ ਕਵਿ ਹਮ ਹੈ ਸੋ ਸੁਨਯੋ ਅਬ ਲੌ ਬਡ ਰੋਗੁ ।
ਚਲਯੋ ਆਇ ਤਿਸ ਬੰਸ ਮਹਿਂ ਭੋਗਹਿਂ ਦੁਖ ਭੋਗੁ ॥

(ਰੁਤ 6, ਅੰਸੂ 56-17)

ਕਵੀ ਜੀ ਦੀ ਇਤਿਹਾਸਕਾਰੀ ਦਾ ਮੁਲੰਕਣ

ਉਪਰੋਕਤ ਤੁਕਾਂ ਵਿਚ ਕਵੀ ਨੇ ਆਪਣੇ ਸਰੋਤਾਂ ਬਾਰੇ ਦੱਸਿਆ ਹੈ। ਇਸ ਲਈ ਕਵੀ ਜੀ ਦੀ ਈਮਾਨਦਾਰੀ ਉੱਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਜੇ ਕੋਈ ਨੁਕਸ ਪਿਆ ਹੈ ਤਾਂ ਇਹ ਕਿ ਜਿਨ੍ਹਾਂ ਸਰੋਤਾਂ ਤੋਂ ਉਨ੍ਹਾਂ ਨੇ ਸਾਮਗ੍ਰੀ ਲਈ ਸੀ, ਉਹ ਆਪ ਦੂਸ਼ਿਤ ਜਾਂ ਅਧੂਰੇ ਸਨ। *'ਸੌ ਸਾਖੀ'* ਵਰਗੀਆਂ ਰਚਨਾਵਾਂ ਉਨ੍ਹਾਂ ਨੂੰ ਗ਼ਲਤ ਰਸਤੇ ਪਾਂਦੀਆਂ ਰਹੀਆਂ! ਹੋਰ ਵੀ ਕਈ ਅਪ੍ਰਮਾਣਿਕ ਸੋਮਿਆਂ ਤੋਂ ਉਨ੍ਹਾਂ ਦੀ ਲਿਖਤ ਵਿਚ ਪ੍ਰਸੰਗ ਦਾਖ਼ਲ ਹੋ ਗਏ। ਅਜੇਹਾ ਕਰਨਾ ਸ਼ਾਇਦ ਉਨ੍ਹਾਂ ਦੀ ਮਜਬੂਰੀ ਵੀ ਸੀ। ਉਹ ਆਪਣਾ ਮਹਾਕਾਵਿ ਭਾਈ ਰਾਮ ਕੋਇਰ ਦੇ ਮੂੰਹ ਤੋਂ ਬੁਲਵਾਉਣ ਦਾ ਢੰਗ ਆਪਣਾ ਚੁੱਕੇ ਸਨ, ਸੋ *ਸੌ ਸਾਖੀ* ਵਾਲੀਆਂ ਸਾਖੀਆਂ ਉੱਤੇ ਇਤਬਾਰ ਤਾਂ ਕਰਨਾ ਹੀ ਪੈਣਾ ਸੀ।

ਇਤਿਹਾਸਿਕ ਪੱਖ ਤੋਂ ਕਵੀ ਜੀ ਦੀ ਲਿਖਤ ਦਾ ਸਭ ਤੋਂ ਕਮਜ਼ੋਰ ਹਿੱਸਾ ਉਹ ਹੈ ਜਿੱਥੇ ਉਹ ਮੁਸਲਮਾਨ ਬਾਦਸ਼ਾਹਾਂ ਦਾ ਹਾਲ ਲਿਖਦੇ ਹਨ। ਸ਼ਾਹ ਜਹਾਨ, ਔਰੰਗਜ਼ੇਬ, ਦਾਰਾ ਸ਼ਿਕੋਹ, ਤਾਰਾ ਆਜ਼ਮ (ਸ਼ਹਿਜ਼ਾਦਾ ਮੁਅੱਜ਼ਮ), ਬਹਾਦਰ ਸ਼ਾਹ, ਆਦਿ ਦੇ ਹਾਲ ਕਵੀ ਜੀ ਨੇ ਦੰਦ-ਕਥਾਵਾਂ ਦੇ ਆਧਾਰ ਉੱਤੇ ਹੀ ਲਿਖੇ ਹਨ। ਇਤਿਹਾਸਿਕ ਪੱਖ ਤੋਂ, ਇਹ ਬਹੁਤ ਗ਼ਲਤ ਹਨ। ਇਨ੍ਹਾਂ ਲਈ ਕਵੀ ਜੀ ਨੂੰ ਕੋਈ ਭਰੋਸੇ-ਯੋਗ ਸਰੋਤ ਮਿਲਿਆ ਨਹੀਂ ਲੱਗਦਾ। ਫ਼ਾਰਸੀ ਤੋਂ ਉਹ ਅਨਜਾਣ ਸਨ। ਜੇ ਫ਼ਾਰਸੀ ਜਾਣਦੇ ਹੁੰਦੇ ਤਾਂ ਕਿਸੇ ਨਾ ਕਿਸੇ ਤਵਾਰੀਖ਼ ਤੋਂ ਉਨ੍ਹਾਂ ਨੂੰ ਠੀਕ ਮਸਾਲਾ ਮਿਲ ਜਾਣਾ ਸੀ। ਉਨ੍ਹਾਂ ਨੇ ਆਪਣੀ ਲਿਖਤ ਦਾ ਆਧਾਰ ਸੁਣੌਤ ਨੂੰ ਬਣਾਇਆ ਹੈ। ਚੰਗਾ ਹੁੰਦਾ ਜੇ ਉਹ ਇਨ੍ਹਾਂ ਹਾਕਮਾਂ ਦੇ ਹਾਲ ਅੰਕਿਤ ਕਰਨ ਵਾਲੇ ਪਾਸੇ ਨਾ ਹੀ ਪੈਂਦੇ, ਕੇਵਲ ਓਨਾ ਹੀ ਲਿਖਦੇ ਜਿੰਨਾ ਕੁ ਗੁਰੂ ਸਾਹਿਬਾਨ ਦੇ ਪ੍ਰਸੰਗ ਚਲਾਉਣ ਲਈ ਜ਼ਰੂਰੀ ਸੀ। ਲਗਦਾ ਇਹ ਹੈ ਕਿ ਉਹ ਮਹਾ-ਕਾਵਿ ਦੇ ਲਿਖਣ ਦੀ ਪੁਰਾਤਨ ਰੀਤਿ ਨਿਬਾਹ ਰਹੇ ਸਨ, ਇਸ ਕਾਰਨ ਹਰੇਕ ਸੰਬੰਧਿਤ ਗੱਲ ਦਾ ਪੂਰਾ ਬਿਉਰਾ ਦੇਣ ਦੀ ਲੋੜ ਸੀ ਜੋ ਉਨ੍ਹਾਂ ਪੂਰੀ ਕੀਤੀ।

ਦਮਦਮਾ ਸਾਹਿਬ ਤੋਂ ਦੱਖਣ ਵੱਲ ਚਾਲੇ ਪਾ ਜਾਣ ਤੋਂ ਬਾਅਦ ਦਾ ਇਤਿਹਾਸ, ਜਿਵੇਂ ਕਵੀ ਜੀ ਨੇ ਦਿੱਤਾ ਹੈ, ਬਹੁਤ ਸਾਰੀਆਂ ਗ਼ਲਤੀਆਂ ਨਾਲ ਭਰਿਆ ਹੋਇਆ ਹੈ। ਕਵੀ ਜੀ ਬਾਬਾ ਬੰਦਾ ਬਹਾਦਰ ਨੂੰ ਪੰਜਾਬ ਵੱਲ ਤੋਰ ਕੇ ਗੁਰੂ ਸਾਹਿਬ ਨੂੰ ਚੋਖਾ ਚਿਰ ਜੀਵਿਆ ਦੱਸਦੇ ਹਨ, ਜੋ ਇਤਿਹਾਸਿਕ ਪੱਖ ਤੋਂ ਗ਼ਲਤ ਹੈ। ਅਸਲ ਵਿਚ ਗੁਰੂ ਸਾਹਿਬ ਦਾ ਚਲਾਣਾ ਛੇਤੀ ਪਿੱਛੋਂ ਹੋ ਗਿਆ ਸੀ। ਇਸੇ ਤਰ੍ਹਾਂ ਬਾਬਾ ਬੰਦਾ ਬਹਾਦਰ ਦਾ ਹਾਲ ਵੀ ਇਤਿਹਾਸਿਕ ਭੁੱਲਾਂ ਨਾਲ ਭਰਿਆ ਹੋਇਆ ਹੈ। ਅੱਜ ਦੇ ਵਿਗਿਆਨਕ ਦੇ ਮਨ ਨੂੰ ਇਹ ਚੀਜ਼ਾਂ ਬਹੁਤ ਰੜਕਦੀਆਂ ਹਨ। ਇੰਜ, ਸ਼ੁੱਧ ਇਤਿਹਾਸਕਾਰੀ ਦੀ ਦ੍ਰਿਸ਼ਟੀ ਤੋਂ ਵੇਖਿਆ *ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ* ਦਾ ਦਰਜਾ ਬਹੁਤਾ ਉੱਚਾ ਨਹੀਂ ਹੈ। ਵਧ ਤੋਂ ਵੱਧ ਅਸੀਂ ਇਸ ਨੂੰ "ਰਵਾਇਤਾਂ ਤੇ ਦੰਦ-ਕਥਾਵਾਂ ਉੱਤੇ ਆਧਾਰਿਤ ਸਿੱਖ ਇਤਿਹਾਸ" ਹੀ ਕਹਿ ਸਕਦੇ ਹਾਂ।

ਅਸੀਂ ਭਾਈ ਸੰਤੋਖ ਸਿੰਘ ਦੀ ਰਚਨਾਂ ਨੂੰ ਭਾਵੇਂ ਸ਼ੁੱਧ ਇਤਿਹਾਸ ਮੰਨਣ ਤੋਂ ਅਸਮਰੱਥ ਹਾਂ; ਫੇਰ ਵੀ ਉਨ੍ਹਾ ਦਾ ਮਹੱਤ੍ਵ ਸਿੱਖ ਇਤਿਹਾਸ ਵਿਚ ਅੱਗੇ ਰਿਹਾ ਹੈ ਤੇ ਰਹੇਗਾ ਵੀ। ਗੁਰ-ਇਤਿਹਾਸ ਉੱਤੇ ਲਿਖਣ ਵਾਲੇ ਪੁਰਾਣੇ ਸਾਰੇ ਲੇਖਕਾਂ ਨੇ ਭਾਈ ਸੰਤੋਖ ਸਿੰਘ ਦੀ ਰਚਨਾਂ ਤੋਂ ਲਾਭ ਉਠਾਇਆ ਹੈ। ਭਾਈ ਵੀਰ ਸਿੰਘ ਜੀ ਨੇ ਠੀਕ ਹੀ ਲਿਖਿਆ ਹੈ :

> ਲੇਖਕਾਂ ਵਿੱਚੋਂ ਬਾਬਾ ਗਣੇਸ਼ਾ ਸਿੰਘ ਜੀ ਬੇਦੀ ਨੇ *'ਗੁਰ ਨਾਨਕ ਸੂਰਯੋਦੈ'* ਏਸੇ ਗ੍ਰੰਥ ਤੋਂ ਵਿਸ਼ੇਸ਼ ਕਰਕੇ ਰਚਿਆ। ਗਯਾਨੀ ਗਿਆਨ ਸਿੰਘ ਜੀ ਨੇ ਤਾਂ ਇੰਨਾ ਕੁੱਛ ਇਸ ਤੋਂ ਲੀਤਾ ਹੈ ਕਿ ਆਪਣੀ ਤਵਾਰੀਖ ਦੇ ਪਹਿਲੇ ਹਿੱਸਿਆਂ ਦਾ ਦੂਸਰਾ ਨਾਮ ਹੀ *'ਵਾਰਤਿਕ ਸੂਰਜ ਪ੍ਰਕਾਸ਼'* ਰਖਿਆ ਸੀ। ਪੰਡਿਤ ਤੇ ਗਯਾਨੀ ਭਾਈ ਹਜ਼ਾਰਾ ਸਿੰਘ ਜੀ ਨੇ ਇਸ ਦਾ ਸੰਖੇਪ ਕਰਕੇ ਛਾਪਣਾ ਸ਼ੁਰੂ ਕੀਤਾ ਸੀ, ਜਿਸ ਦਾ ਨਾਮ *'ਸੂਰਜ ਪ੍ਰਕਾਸ਼ ਚੂਰਣਕਾ'* ਰਖਿਆ ਸੀ। *'ਗੁਰ ਪੁਰ ਪ੍ਰਕਾਸ਼'* ਬਾਬਾ ਪ੍ਰੇਮ

ਸਿੰਘ ਦਾ ਪੜ੍ਹਿਆਂ ਪਤਾ ਲਗਦਾ ਹੈ ਕਿ ਏਸੇ ਗ੍ਰੰਥ ਦਾ ਉਹ ਗ੍ਰੰਥ ਰਿਣੀ ਹੈ, ਤੇ ਅਕਸਰ ਕਰਕੇ ਹੋਰ ਅਨੇਕਾਂ ਲੇਖਕਾਂ ਨੇ ਛੋਟੇ ਛੋਟੇ ਗ੍ਰੰਥ ਇਸ ਤੋਂ ਰਚੇ। ਖਾਲਸਾ ਟ੍ਰੈਕਟ ਸੁਸਾਇਟੀ ਨੇ [ਭਾਈ ਸਾਹਿਬ ਦਾ ਇਸ਼ਾਰਾ ਉਨ੍ਹਾਂ ਦੀ ਆਪਣੀ ਰਚਨਾ ਵੱਲ ਹੈ] ਇਸੇ ਮੂਲ ਤੋਂ ਪ੍ਰਸੰਗ ਲੈ ਕੇ ਤੇ ਹੋਰ ਖੋਜਾਂ ਨਾਲ ਮਿਲਾ ਕੇ ਪੰਜਾਬੀ ਸਾਹਿਤਯ ਰਚਿਆ। ਮੈਕਾਲਫ਼ ਨੇ ਹੋਰ ਖੋਜਾਂ ਕੀਤੀਆਂ ਹਨ, ਪਰ ਵਿਸ਼ੇਸ਼ ਖ਼ਜ਼ਾਨਾ ਉਸ ਦਾ ਇਹੋ ਗ੍ਰੰਥ ਹੈ। ਖ਼ੁਰਸ਼ੈਦ ਖਾਲਸਾ ਉਰਦੂ ਬੀ ਇਸੇ ਤੋਂ ਲਿਆ ਗਿਆ ਹੈ।ਖ਼ੁਰਸ਼ੈਦ ਦਾ ਅਰਥ ਬੀ ਸੂਰਜ ਹੈ। ਹੋਰ ਬੈਂਤਾ ਆਦਿ ਆਮ ਪ੍ਰਿਯ ਛੰਦਾਂ ਵਿਚ ਲਿਖਣ ਵਾਲੇ ਕਵੀ ਵਿਸ਼ੇਸ਼ ਮਸਾਲਾ ਇਸੇ ਤੋਂ ਲੈਂਦੇ ਰਹੇ ਤੇ ਲੈ ਰਹੇ ਹਨ[30]।

ਕਵੀ ਵਜੋਂ

ਇਹ ਇਸ਼ਾਰਾ ਹੋ ਚੁੱਕਾ ਹੈ ਕਿ ਭਾਈ ਸੰਤੋਖ ਸਿੰਘ ਦਾ ਮਹਤ੍ਵ ਇਤਿਹਾਸਕਾਰ ਕਰਕੇ ਨਹੀਂ, ਕਵੀ ਕਰਕੇ ਹੈ। *ਸ੍ਰੀ ਗੁਰੂ ਨਾਨਕ ਪ੍ਰਕਾਸ਼* ਤੇ *ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ*, *ਰਾਮਾਯਣ* ਤੇ *ਮਹਾਂਭਾਰਤ* ਦੇ ਮੇਚ ਦੇ ਗ੍ਰੰਥ ਹਨ। *ਸ੍ਰੀ ਗੁਰੂ ਨਾਨਕ ਪ੍ਰਕਾਸ਼ ਰਾਮਾਯਣ* ਨਾਲ ਮੇਲ ਖਾਂਦਾ ਹੈ, ਤੇ *ਸੂਰਜ ਪ੍ਰਕਾਸ਼ ਮਹਾਂਭਾਰਤ* ਨਾਲ ; ਪਹਿਲੇ ਵਿਚ *ਰਾਮਾਯਣ* ਵਾਂਗ ਇਕ ਯੁਗ-ਪੁਰਸ਼ ਦਾ ਹਾਲ ਹੈ ਤੇ ਦੂਜੇ ਵਿਚ, *ਮਹਾਂਭਾਰਤ* ਵਾਂਗ, ਇਕ ਤੋਂ ਵਧੇਰੇ ਪੁਰਸ਼ਾਂ ਦਾ। ਕਵੀ ਦੇ ਕਾਵਯ ਦੇ ਅਧਿਐਨ ਲਈ ਸਾਡੇ ਕੋਲ ਭਾਈ ਵੀਰ ਸਿੰਘ ਦੇ ਡਾ. ਜਯ ਭਗਵਾਨ ਗੋਯਲ ਦੀਆਂ ਪੁਸਤਕਾਂ ਬੜਾ ਲਾਭਕਾਰੀ ਖ਼ਜ਼ਾਨਾ ਹਨ, ਇਸ ਲਈ ਆਪਣੇ ਥੀਸਿਸ ਦੇ ਇਸ ਹਿੱਸੇ ਲਈ ਮੈਂ ਬਹੁਤ ਕਰਕੇ ਇਨ੍ਹਾਂ ਦੀ ਸਹਾਇਤਾ ਹੀ ਲਈ ਹੈ।

ਭਾਈ ਵੀਰ ਸਿੰਘ ਅਨੁਸਾਰ '*ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ* ਸਾਹਿਤਯ ਦਾ ਭਾਰਾ ਗ੍ਰੰਥ ਹੈ ਜਿਸ ਵਿਚ ਕਵਿਤਾ ਆਪਣੇ ਜੋਬਨਾਂ ਉੱਤੇ ਹੈ'। ਇਸ ਦੀ ਬੋਲੀ ਵਿਚ "ਹਰ ਤਰ੍ਹਾਂ ਦੇ ਹਿੰਦੀ ਝਲਕੇ ਬੀ ਹੈਨ ਤੇ ਕੋਈ ਟਾਵਾਂ ਪਦ ਪੰਜਾਬੀ ਦਾ ਬੀ ਆ ਗਿਆ ਹੈ ਪਰ ਬੋਲੀ ਦੀ ਬੰਦਸ਼, ਮੁਹਾਵਰਾ ਤੇ ਬਿਆਨ ਦਾ ਤਰੀਕਾ ਬ੍ਰਿਜਭਾਸ਼ਾ ਦਾ ਹੈ"[31]।

ਪਿੰਗਲ ਤੇ ਛੰਦਾਬੰਦੀ ਉੱਤੇ ਭਾਈ ਸਾਹਿਬ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਸੀ। ਇਨ੍ਹਾਂ ਵੱਲੋਂ ਵਰਤੇ ਗਏ ਛੰਦਾਂ ਦੀ ਵੰਨ-ਸੁਵੰਨਤਾ ਹੈਰਾਨ ਕਰਨ ਵਾਲੀ ਹੈ। ਇਨ੍ਹਾਂ ਵਿਚ ਵਰਣਿਕ ਛੰਦ ਵੇਖੇ ਜਾ ਸਕਦੇ ਹਨ, ਮਾਤ੍ਰਿਕ ਅਤੇ ਗਣਕ ਵੀ। ਭਾਈ ਸਾਹਿਬ ਅਨੁਸਾਰ ਭਾਈ ਸੰਤੋਖ ਸਿੰਘ 'ਜਨਮ ਕਵੀ ਸੀ'। ਚੌਪਈ ਵਿਚ ਮ੍ਰਿਦੁਲਤਾ ਦਾ ਤੇ ਦੋਹੇ ਵਿਚ ਗਮਕ ਦਾ ਹੋਣਾ ਕਵਿਤਾ ਦੇ ਦੋ ਵੱਡੇ ਗੁਣ ਹੁੰਦੇ ਹਨ। ਇਹ ਦੋਵੇਂ ਇਨ੍ਹਾਂ ਦੀ ਕਵਿਤਾ ਵਿਚ ਬਹੁਤ ਹਨ। ਇਨ੍ਹਾਂ ਨੇ ਸੁੱਯਾ ਅਨੇਕ ਛੰਦਾਂ ਤੇ ਰਸਦਾਇਕ ਬੰਦਸ਼ਾਂ ਵਿਚ ਬੰਨ੍ਹਿਆ ਹੈ। ਕਬਿੱਤ ਉੱਤੇ ਆਪ ਦਾ ਪੂਰਾ ਵਸੀਕਾਰ ਹੈ। ਡਾਢੇ ਕਠਿਨ ਵਜ਼ਨਾਂ ਵਿਚ ਆਪ ਬੜੀ ਰਵਾਨੀ-ਭਰੀ ਕਵਿਤਾ ਲਿਖਣ ਦੀ ਸਮਰੱਥਾ ਰੱਖਦੇ ਹਨ। ਭਾਈ ਵੀਰ ਸਿੰਘ ਜੀ ਤੇ ਡਾ. ਜਯ ਭਗਵਾਨ ਗੋਯਲ ਨੇ ਅਜੇਹੇ ਛੰਦਾਂ ਵਿਚ ਲਲਿਤਪਦ, ਹਾਕਲ, ਚਿਤ੍ਰਪਦਾ, ਮਰਹਰੀ, ਤ੍ਰਿਭੰਗੀ, ਨਰਾਜ, ਚੰਚਲਾ, ਸੋਰਠਾ, ਨਿਸਪਾਲਕ, ਸਿਰਖੰਡੀ, ਭੁਜੰਗ-ਪ੍ਰਯਾਤ, ਪਾਧੜੀ, ਪ੍ਰਮਾਣਿਕਾ, ਚਾਚਰੀ, ਨਵਨਾਮਕ, ਰੁਣ ਝੁਣ, ਨਿਸ਼ਾਨੀ, ਚੰਪਕਮਾਲਾ, ਅੰਮ੍ਰਿਤਧੁਨਿ, ਸਾਬਾਸ, ਤੇ ਰਸਾਵਲ ਖ਼ਾਸ ਤੌਰ ਉੱਤੇ ਗਿਣਾਏ ਹਨ[32]।

> ਜੰਗ ਹੁੰਦੇ ਦਾ ਵਰਣਨ ਜਦੋਂ ਕਵੀ ਜੀ ਕਰਦੇ ਹਨ ਤਾਂ ਛੰਦ ਬੀ ਉਸ ਦੇ ਅਨੁਕੂਲ ਲੱਭਦੇ ਹਨ, ਤੇ ਪਦ-ਗੋਂਦ ਐਸੀ ਕਰਦੇ ਹਨ ਕਿ ਜੰਗ ਹੁੰਦਾ ਭਾਸਣ ਲਗ ਜਾਂਦਾ ਹੈ। ਉਸ ਵੇਲੇ ਛੰਦ ਦੀ ਚਾਲ, ਪਦ-ਗੋਂਦ ਤੇ ਵਿਚ ਬੱਧੇ ਭਾਵ ਤ੍ਰੈਹਾਂ ਦਾ ਸੰਗਮ ਕਰਕੇ ਤਸਵੀਰ ਖਿੱਚ ਦੇਣ ਦਾ ਕਮਾਲ ਕਰ ਵਿਖਾਉਂਦੇ ਹਨ।

30. *ਸੂਰਜ ਗ੍ਰੰਥ*. (ਪ੍ਰਸਤਾਵਨਾ), ਪੰਨਾ 80.
31. *ਉਹੀ*, ਪੰਨੇ 193-95.
32. *ਉਹੀ*, ਪੰਨੇ 195-200; ਜਯ ਭਗਵਾਨ ਗੋਯਲ, *ਗੁਰਮੁਖੀ ਲਿਪੀ ਮੇਂ ਹਿੰਦੀ ਸਾਹਿਤਯ*, ਪੰਨਾ 302.

ਨਮੂਨੇ ਲਈ ਦੇਖੋ :

ਤੁਫੰਗੈਂ ਸੰਭਾਰੀ। ਬਰੂਦੰ ਸੁ ਡਾਰੀ। ਦੁਗੋਰੀ ਕਸੰਤੇ। ਪਲੀਤੇ ਜਮੰਤੇ ॥43॥
ਕਲਾ ਜੋੜ ਤੋੜੇ। ਕਲੀ ਸਾਥ ਮੋੜੇ। ਧਰੇ ਹਾਥ ਤਾਕੇ। ਝੁਕਾਏ ਕੜਾਕੇ ॥44॥
ਚਲੈਂ ਸ਼ੂੰਕ ਗੋਰੀ। ਲਗੈਂ ਦੇਹਿ ਫੋਰੀ। ਦੜਾ ਦਾੜ ਗੇਰੇ। ਸੁ ਤਾਲੰ ਚੁਫੇਰੇ ॥45॥
ਕੜਾ ਕਾੜ ਮਾਚੀ। ਲਹੂ ਧੂਲ ਰਾਚੀ। ਖਰੇ ਸਿੰਘ ਮਾਰੈਂ। ਨਹੀਂ ਤ੍ਰਾਸ ਧਾਰੈਂ ॥46॥
ਮਹਾਂਬੀਰ ਗਯਾਰਾਂ। ਤੜਾਗੀ ਕਿਨਾਰਾ। ਜਿਤੇ ਸ਼ੱਤ੍ਰ ਆਏ। ਤਹਾਂ ਘਾਵ ਘਾਏ ॥47॥
ਕ੍ਰਿਪਾਨੇ ਕਟੇਜੇ। ਪੁਰੇਜੇ ਪੁਰੇਜੇ। ਲਰੇ ਬ੍ਰਿੰਦ ਖਾਨਾ। ਬਡੋ ਜੰਗ ਠਾਨਾ ॥48॥

ਡਾ. ਜਯ ਭਗਵਾਨ ਗੋਯਲ ਜੀ ਲਿਖਦੇ ਹਨ :

"ਵੀਰ ਰਸ 'ਗੁਰ ਪ੍ਰਤਾਪ ਸੂਰਜ' ਕਾ ਏਕ ਮੁਖਯ ਰਸ ਹੈ।
ਉਸ ਮੇਂ ਵੀਰਤਾ ਕੇ ਵਿਵਿਧ ਰੂਪ ਚਿਤ੍ਰਿਤ ਹੈ। ਮੁਖਯ ਹੈ
ਯੁੱਧਵੀਰ ਰੂਪ। ਇਸ ਰਚਨਾ ਮੇਂ ਕੋਈ 23 ਯੁੱਧੋਂ ਕਾ ਵਰਣਨ
ਹੂਆ ਹੈ। ਵੀਰ ਰਸ ਸੇ ਸੰਬੰਧਿਤ ਕੁਲ ਛੰਦ-ਸੰਖਿਆ
ਆਠ-ਦਸ ਹਜ਼ਾਰ ਹੋਗੀ। ਇਨ ਯੁੱਧ ਵਰਣਨੋਂ ਕੀ ਯੁੱਧ ਕਥਾ
ਮੇਂ ਪੂਰਣਤਾ, ਸਜੀਵਤਾ ਏਵੰ ਓਜਸਿਵਤਾ ਹੈ ...
ਗੁਰੂ ਪ੍ਰਕਾਸ਼ ਕੇ ਵੀਰੋਂ ਮੇਂ ਉਦੱਾਤਤਾ ਹੈ। ਯੋਧਾਓਂ ਕੀ
ਵੀਰਤਾ ਕਾ ਆਦਰਸ਼ ਸਰਵਤ੍ਰ ਬਨਾਏ ਰੱਖਾ ਗਯਾ ਹੈ"[33]।

ਭਾਰਤੀ ਕਾਵਿ-ਧਾਰਾ ਨੂੰ ਰਸਾਂ ਦੇ ਪ੍ਰਗਟਾਉ ਨਾਲ ਖ਼ਾਸ ਪਿਆਰ ਹੈ। ਰਸ ਨੌਂ ਮੰਨੇ ਗਏ ਹਨ। ਕਵੀ ਸੰਤੋਖ ਸਿੰਘ ਦੀ ਰਚਨਾਂ ਵਿਚ ਸਾਰੇ ਹੀ ਰਸ ਲੋੜ ਅਨੁਸਾਰ ਵਰਤੇ ਮਿਲਦੇ ਹਨ ਪਰ ਪ੍ਰਧਾਨਤਾ ਸ਼ਾਂਤ, ਬੀਰ ਤੇ ਰੌਦਰ ਰਸ ਦੀ ਹੈ। ਭਿਆਨਕ ਤੇ ਅਦਭੁਤ ਰਸ ਵੀ ਕਈ ਥਾਵਾਂ ਉੱਤੇ ਆਪਣੇ ਆਪ ਆ ਗਿਆ ਹੈ। ਸ਼ਿੰਗਾਰ ਰਸ ਦਾ ਪ੍ਰਯੋਗ ਹੋਇਆ ਵੀ ਮਿਲਦਾ ਹੈ। ਦਰੋਪਦੀ ਦੀ ਤਸਵੀਰ ਕਵੀ ਜੀ ਇੰਜ ਖਿੱਚਦੇ ਹਨ :

ਨਾਗਨ ਸਮ ਲਟਕੀ ਲਟ ਜਾਂ ਕੀ। ਮਦਨ ਧਨੁਖ ਭ੍ਰਿਕੁਟੀ ਸੁਠ ਬਾਂਕੀ।
ਕੁੰਦ ਰਦਨ ਬਦਨ ਸਸਿ ਰਾਂਕਾ। ਉਦਰ ਸਤ੍ਰਿਵਲਿ ਮਨੋਹਰ ਜਾਂਕਾ ॥14॥
ਰਤਿ ਰਤੀਕ ਹ੍ਵੈ ਜਿਹ ਦੁਤਿ ਦੇਖੀ। ਤੀਛਨ ਬਾਨ ਕਟਾਛ ਬਿਸੇਖੀ। . . .
ਦੀਪ ਸ਼ਿਖਾ ਸੀ ਕੋਕਿਲ ਬੈਨੀ। ਗਜ ਗਾਮਨਿ ਮ੍ਰਿਗ ਸ਼ਾਵਕ ਨੈਨੀ।
ਜਮਨ ਭ੍ਰਮਰੀ ਨਾਭਿ ਗੰਭੀਰਾ। ਨਖਨ ਬਿਲੋਕਤਿ ਲਾਜਤਿ ਹੀਰਾ ॥16॥
(ਪੰਨਾ 201)

ਕਵੀ ਜੀ ਦੇ ਸ਼ਿੰਗਾਰ-ਰਸੀ ਵਰਣਨ ਤੇ ਟਿੱਪਣੀ ਕਰਦਿਆਂ ਕਵੀ ਦੀ ਲੇਖਣੀ ਦੀ ਪ੍ਰਸੰਸਾ ਕਰਦਾ ਡਾ. ਜਯ ਭਗਵਾਨ ਗੋਯਲ ਲਿਖਦਾ ਹੈ :

ਸ਼ਿੰਗਾਰ ਦਾ ਚਿਤਰਣ 'ਗੁਰ ਪ੍ਰਤਾਪ ਸੂਰਜ' ਮੇਂ ਬਹੁਤ ਸੀਮਿਤ ਏਵਮ ਮਰਿਯਾਦਿਤ ਹੈ। ਸੌਂਦਰਯ ਚਿਤ੍ਰਣ ਹਰਿਪੁਰ ਕੀ ਸੁੰਦਰ ਇਸਤ੍ਰੀਯੋਂ ਅਥਵਾ ਜੈਮਲ-ਕੰਨਿਆ ਸੰਬੰਧੀ ਪ੍ਰਾਸੰਗਿਕ ਕਥਾਯੋਂ ਕੇ ਅੰਤਰਗਤ ਪਰੰਪਰਾ ਭੁਕਤ ਉਪਮਾਨੋਂ ਕੀ ਸਹਾਇਤਾ ਸੇ ਰੀਤੀਕਾਲੀਨ ਪੱਦਤੀ ਪਰ ਹੀ ਹੂਆ ਹੈ। ਉਸ ਮੇਂ ਕਹੀਂ ਕਹੀਂ ਉਹਾਤਮਕਤਾ ਕੇ ਭੀ ਦਰਸ਼ਨ ਹੋਤੇ ਹੈ। ਪ੍ਰੰਤੂ ਕਵੀ ਨੇ ਕਹੀਂ ਭੀ ਰੀਤੀਕਾਲੀਨ ਸ਼ਿੰਗਾਰ ਪਰੰਪਰਾ ਕੇ ਅਨੁਕਰਣ ਪਰ ਵਿਲਾਸਿਤਾ, ਕਾਮੁਕਤਾ, ਰਸਿਕਤਾ, ਅਸ਼ਲੀਲਤਾ, ਕਾਮੋਤੇਜਕ, ਚੇਸ਼ਟਾਓਂ, ਹਾਵੋਂ, ਅਨੁਭਾਵੋਂ ਆਦਿ ਕਾ ਚਿਤ੍ਰਣ ਨਹੀਂ ਕਿਯਾ [34]।

---

34. *ਗੁਰਮੁਖੀ ਲਿਪਿ ਮੇਂ ਹਿੰਦੀ ਸਾਹਿਤਯ*, ਪੰਨਾ 295-96.
34. *ਉਹੀ* ਪੰਨਾ 296.

ਕਵੀ ਜੀ ਦੇ ਕਰੁਣਾ ਰਸ ਦੇ ਪ੍ਰਯੋਗ ਉੱਤੇ ਟਿੱਪਣੀ ਕਰਦਿਆਂ ਭਾਈ ਵੀਰ ਸਿੰਘ ਜੀ ਲਿਖਦੇ ਹਨ :

> "ਕਰੁਣਾਰਸ ਦਾ ਸਥਾਈ ਭਾਵ ਸ਼ੋਕ ਹੈ ਅਰ ਇਸ ਰਸ ਵਿਚ ਕਵੀ ਸ਼ਿੰਗਾਰ ਤੇ ਸ਼ਾਂਤੀ ਦੀ ਹਵਾ ਨਹੀਂ ਲਗਣ ਦੇਂਦੇ; ਪਰ ਕਵੀ ਜੀ ਪ੍ਰੀਤਿ ਤੇ ਸਿਮ੍ਰਿਤੀ ਨੂੰ ਨਾਲ ਗੁੰਦ ਕੇ ਵਿਯੋਗ ਦਾ ਰੂਪ ਦੇ ਕੇ ਆਪਣੇ ਇਨ੍ਹਾਂ ਛੰਦਾਂ ਨੂੰ ਅਚਰਜ ਕਲੇਜੇ ਧੂਹਵਾਂ ਰੰਗ ਚਾੜ੍ਹ ਦੇਂਦੇ ਹਨ"[35]

ਡਾ. ਗੋਯਲ ਨੇ ਭਾਈ ਸੰਤੋਖ ਸਿੰਘ ਦੇ ਅਨੁਭੂਤੀ ਤੱਤ ਤੇ ਵੀ ਜਰਚਾ ਕੀਤੀ ਹੈ। ਆਪ ਲਿਖਦੇ ਹਨ :

> ਮਾਨਵੀਯ ਭਾਵੋਂ ਅਥਵਾ ਮਨੋਵੇਗੋਂ ਕੀ ਭੀ ਇਸਮੇਂ ਸਫਲ ਏਵੰ ਵਿਸ਼ਦ ਅਭਿਵਯੰਜਨਾ ਹੂਈ ਹੈ। ਇਸ ਕਾ ਭਾਵ-ਕਸ਼ੇਤ੍ਰ ਬਹੁਤ ਵਿਸਤ੍ਰਿਤ ਔਰ ਵਿਆਪਕ ਹੈ ਔਰ ਸਭੀ ਰਸੋਂ ਕਾ ਇਸ ਮੇਂ ਪੂਰਣ ਪਰਿਪਾਕ ਹੂਆ ਹੈ[36]।

ਅੰਤ ਤੇ ਆਪ ਇਹ ਸਿੱਟਾ ਕੱਢਦੇ ਹਨ :

> ਇਸ ਪ੍ਰਕਾਰ ਇਸ ਕਾਵਿ-ਕ੍ਰਿਤੀ ਮੇਂ ਸ਼ੋਕ-ਸੰਬੰਧੀ ਵਿਆਕੁਲਤਾ, ਵਿਹਵਲਤਾ, ਗੁਣਸਮਰਣ ਉਦਵੇਗ, ਅਨੁਤਾਪ, ਪ੍ਰਲਯ, ਅਸ਼੍ਰੂ, ਵੇਵਣਯ, ਦੁਖ, ਵਿਅਥਾ, ਵਿਸ਼ਾਦ, ਸੰਤਭ, ਵੈਪਥੁ, ਉਨਮਾਦ, ਮੂਰਛਾ, ਪ੍ਰਲਾਪ, ਰੋਮਾਂਸ, ਅਧੀਰਤਾ, ਭੂਮੀ ਪਤਨ, ਕੇਸ਼ ਉਖਾੜਨਾ, ਨਿ:ਸ਼ਵਾਸ, ਅਪਸਮਾਰ, ਵਿਯਾਧੀ, ਜੜਤਾ ਆਦਿ ਮਨੋਵੇਗੋਂ, ਸਾਤਵਿਕੋਂ ਏਵਮ ਸੰਚਾਰੀ ਭਾਵੋਂ ਕੀ ਮਾਰਮਿਕ ਵਿਅੰਜਨਾ ਹੁਈ ਹੈ। ਅਦਭੁਤ ਰਸ ਸੇ ਸੰਬੰਧਿਤ ਬਹੁਤ ਸੀ ਚਮਤਕਾਰਪੂਰਣ ਵਿਸਮਯਜਨਕ, ਅਲੌਕਿਕ ਘਟਨਾਓਂ ਕਾ ਵਰਣਨ ਕਿਆ ਹੈ ਔਰ ਵਿਸਮਯ ਵਿਮੁਗਧ ਲੋਗੋਂ ਕੇ ਅਨੁਭਾਵੋਂ ਕਾ ਭੀ ਸਜੀਵ ਚਿਤਰਣ ਹੁਆ ਹੈ[37]।

ਅਲੰਕਾਰਾਂ ਦੀ ਗੱਲ ਕਰਦਿਆਂ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਜਦੋਂ ਅਸੀਂ ਅੰਲਕਾਰਾਂ ਵਿਚ ਕਵੀ-ਕਲਮ ਦੇ ਕਮਾਲ ਖੋਜੀਏ ਤਾਂ ਅਲੰਕਾਰਾਂ ਦਾ ਗ੍ਰੰਥ ਬਣ ਸਕਦਾ ਹੈ[38]। ਉਨ੍ਹਾਂ ਵੱਲੋਂ ਲੱਭੇ ਅਲੰਕਾਰਾਂ ਤੇ ਵਰਤੇ ਗਏ ਬਿੰਬਾਂ ਦੀ ਸੂਚੀ ਲੰਮੀ ਹੈ ਤੇ ਉਨ੍ਹਾਂ ਨੇ ਇਨ੍ਹਾਂ ਦੇ ਉਦਾਹਰਣ ਆਪਣੀ 'ਪ੍ਰਸ੍ਤਾਵਨਾ' ਵਾਲੀ ਪੋਥੀ ਵਿਚ ਭਲੀ ਭਾਂਤ ਦਿੱਤੇ ਹਨ[39]। ਭਾਈ ਵੀਰ ਸਿੰਘ ਦਾ ਆਪਣਾ ਹਿਰਦਾ ਕਾਵਿ-ਕਲਾ ਦਾ ਪਾਰਖੂ ਹੈ। ਟੀਕਾ ਕਰਦਿਆਂ ਤੇ ਕਵੀ ਜੀ ਦੀ ਕਵਿਤਾ ਪੜ੍ਹਦਿਆਂ ਉਨ੍ਹਾਂ ਕਈ ਥਾਈਂ ਹੁਲਾਸ ਵਿਚ ਆ ਕੇ ਫੁਟ-ਨੋਟਾਂ ਵਿਚ "ਕਵਿਤਾ ਦਾ ਕਮਾਲ ਹੈ" ਟਿੱਪਣੀ ਦਿੱਤੀ ਹੈ। ਅਜੇਹਾ ਮੌਕਾ, ਆਮ ਤੌਰ ਉੱਤੇ, ਉਦੋਂ ਹੁੰਦਾ ਹੈ ਜਦੋਂ ਕਵੀ ਜੀ ਨੇ ਅਸਲੋਂ ਕੋਈ ਨਵੀਂ ਉਪਮਾ ਦਿੱਤੀ ਹੋਵੇ; ਸਾਰੀ ਗ੍ਰੰਥਾਵਲੀ ਵਿਚ ਪੰਜਤਾਲੀ ਵਾਰੀ ਇਹ ਪ੍ਰਸੰਸਾ ਕੀਤੀ ਦਿੱਸ ਆਉਂਦੀ ਹੈ[40]।

ਸਪਸ਼ਟ ਹੈ ਕਿ ਕਵੀ ਨੂੰ ਸ਼ਬਦਾਂ ਤੇ ਉਨ੍ਹਾਂ ਦੀ ਜੜਤ ਉੱਤੇ ਇੰਨਾ ਵਸੀਕਾਰ ਹਾਸਿਲ ਸੀ ਕਿ ਸ਼ਬਦ

---

35. *ਸੂਰਜ ਗ੍ਰੰਥ,* (ਪ੍ਰਸਤਾਵਨਾ), ਪੰਨਾ 207.
36. *ਗੁਰਮੁਖੀ ਲਿਪਿ ਮੇਂ ਹਿੰਦੀ ਸਾਹਿਤਯ*, ਪੰਨਾ 295.
37. *ਉਹੀ*, ਪੰਨਾ (297)
38. *ਸੂਰਜ ਗ੍ਰੰਥ*, (ਪ੍ਰਸਤਾਵਨਾਂ), ਪੰਨਾਂ 208.
39. *ਉਹੀ*, ਪੰਨੇ 208-17.
40. ਦੇਖੋ, ਹੇਠ-ਲਿਖੀਆਂ ਸੈਂਚੀਆਂ ਤੇ ਉਨ੍ਹਾਂ ਅੱਗੇ ਦਿੱਤੇ ਫੁਟ-ਨੋਟ 2.(5ਫ,9ਫ, 14ਫ, 27ਫ, 66ਫ), 2.1(54ਫ), 2.2(14ਫ), 2.3(12ਫ, 36ਫ), 3.3(87ਫ), 3.7(29ਫ, 59ਫ, 60ਫ), 4.7(69ਫ), 4.9 (69ਫ), 4.11(61ਫ, 94ਫ), 4.12(18ਫ,32ਫ,41ਫ, 43ਫ), 5.15(21ਫ, 29ਫ, 33ਫ), 6.18(77ਫ), 6.19(77ਫ),6.20(94ਫ), 7.23(04ਫ), 7.24(17ਫ), 7.25(41ਫ, 82ਫ), 8.29(54ਫ), 8.31(76ਫ), 9.33(09ਫ, 74ਫ), 9.34(00ਫ, 31ਫ, 91ਫ), 9.35(25ਫ), 10.38(66ਫ),10.40(72ਫ), 11.45(45ਫ,59ਫ), 11.46 (07ਫ), 12.48(52ਫ), 13.59(16ਫ,18ਫ).

ਉਨ੍ਹਾਂ ਦੇ ਹੱਥਾਂ ਵਿਚ ਨਾਚ ਕਰਦੇ ਦਿੱਸਦੇ ਹਨ। ਜ਼ਰਾ ਇਸ ਛੰਦ ਦੀ ਚਾਲ ਤੇ ਲਟਕ ਦੇਖੋ :

ਚੰ ਚਟਪਟ ਨਾਰੀ ਲੇਤ ਭਵਾਰੀ, ਛਮ-ਛਮ ਕਾਰੀ ਛਕਿ ਧਰਨੀ
ਸੰ ਸਟ-ਪਟ ਬੈਠਤਿ ਭੁਜਾ ਅਮੈਠਤਿ, ਤਾਲ ਇਕੈਠਤਿ ਮਨ ਹਰਨੀ
ਲੰ ਲਟ-ਪਟ ਛੈਲੀ ਰੂਪ ਨਿਵੈਲੀ, ਗਤਿ ਅਲਿਬੇਲੀ ਸੁਠ ਅੰਗਾ
ਠੰ ਠੁਮ ਠੁਮ ਠੁਮਕੀ ਝੁਕ ਝੁਕ ਝੁਮਕੀ ਦ੍ਰਮਦ੍ਰਮ ਦ੍ਰਮਕੀ ਮਿਰਦੰਗਾ ॥48॥

(ਪੰਨਾ 199)

ਪਿੰਡਾਂ ਵਿਚ ਵੱਸਣ ਵਾਲੇ ਸਾਡੇ ਪੁਰਾਣੇ ਕਵੀਆਂ ਲਈ ਪ੍ਰਕਿਰਤੀ-ਚਿਤਰਣ ਨਵੀਂ ਚੀਜ਼ ਨਹੀਂ ਸੀ। ਉਹ ਵੱਸਦੇ ਹੀ ਕੁਦਰਤ ਦੀ ਗੋਦੀ ਵਿਚ ਸਨ। ਇਸ ਲਈ ਭਾਈ ਸਾਹਿਬ ਦੀ ਕਵਿਤਾ ਵਿਚ ਪ੍ਰਕਿਰਤੀ-ਚਿਤਰਣ ਦੇ ਕੁੱਝ ਵਧੀਆ ਨਮੂਨੇ ਮਿਲਣੇ ਹੈਰਾਨੀ ਦੀ ਗੱਲ ਨਹੀਂ ਹੈ।

ਨਮੂਨੇ ਵਜੋਂ ਇਕ ਦੋ ਬੰਦ ਦੇਣੇ ਕਾਫ਼ੀ ਹੋਣਗੇ। ਇਕ ਵਿਚ ਕਵੀ ਜੀ ਨੇ ਬਾਗ਼ ਦਾ ਨਜ਼ਾਰਾ ਪੇਸ਼ ਕੀਤਾ ਹੈ ਤੇ ਦੂਜੇ ਵਿਚ ਪ੍ਰਭਾਤ ਦਾ :

(ੳ) ਨਾਨਾ ਰੰਗ ਫੂਲ ਹੈਂ ਸੁ ਆਲਬਾਲ ਮੂਲ ਹੈਂ,
ਸਿਕੰਧ ਝੁਕ ਝੂਲ ਹੈਂ ਫਲੇ ਸੁ ਫ਼ਲ ਭਾਰਈ।
ਅਲਪ ਬਿਸਾਲ ਪੀਤ ਸਬਜ਼ ਸੁ ਲਾਲ ਦਲ,
ਮਾਨੋ ਘਨਘਟਾ ਘਨੇ ਸੰਘ ਨੈਕ ਸਾਰਈ।
ਜਾਮਨ ਜੁਗਲ, ਬਟ, ਪੀਪਰ, ਖਜੂਰ ਤੁੰਗ,
ਬੱਦਰੀ ਅਨੇਕ ਝੁਕੀ ਭਾਰ ਤੇ ਬਿਸਾਲ ਕੀ।
ਦਾੜਮ, ਨੁਰੰਗੀ, ਬੀਜਪੂਰ ਤੇ ਸੁਪਾਰੀ ਬਹੁ,
ਖਾਰਕ ਖਰੇ ਹੈਂ ਖਰੀ ਖਿਰਨੀ ਸੁ ਡਾਲ ਕੀ।
ਆੜੂ, ਅਮਰੂਦ, ਕਦਲੀਨ ਤੇ ਬਗੀਚੇ ਬਡੇ,
ਫੈਲ ਰਹੇ ਫਾਲਸੇ ਫਲੇ ਹੈਂ ਫਲ ਜਾਲ ਕੀ।
ਛਬਿ ਆਲ ਬਾਲ ਕੀ ਉਦਾਲਕ ਰਸਾਲ ਕੀ
ਸਰਲ ਤਰੁ ਤਾਲ ਕੀ, ਹਿੰਤਾਲ ਕੀ, ਤਮਾਲ ਕੀ ॥3॥

(ਰਾਸ12, ਅੰ.18).(ਪੰਨਾ 226)

(ਅ) ਭੋਰ ਭਈ ਅਰਬਿੰਦ ਖਿਰੇ ਅਰਣੋਦਯ ਤੇ ਚਕਵੇ ਹਰਖਾਏ
ਜਯੋਂ ਗੁਰ ਕੀ ਕਰੁਨਾ ਬਿਕਸੇ ਉਰ ਮੇਲ ਸੁਖੰ ਸੁਮਤੀ ਮਨ ਪਾਏ।
ਤਾਰੇ ਛਪੇ ਜਯੋਂ ਬਿਕਾਰ ਨਸੇ ਜਨੁ ਮੋਹ ਤਮੰ ਨਹਿੰ ਦੀਸਨ ਪਾਏ।
ਕੀਨ ਸ਼ਨਾਨ ਗਏ ਉਦਿਆਨ ਇਕੰਤ ਸਥਾਨ ਮੈਂ ਬੈਸਿ ਸੁਹਾਏ ॥28॥

(ਨਾ. ਪ੍ਰ. ਪੂ. ਧਿ. 42). (ਪੰਨਾ 228)

ਭਾਈ ਸੰਤੋਖ ਸਿੰਘ ਜਮਾਂਦਰੂ ਕਵੀ ਸਨ। ਜਦੋਂ ਉਹ ਕਵਿਤਾ ਰਚਦੇ ਰਚਦੇ ਆਵੇਸ਼ ਵਿਚ ਆਉਂਦੇ ਸਨ ਤਾਂ ਕਵਿਤਾ ਝਰਨੇ ਵਾਂਗ ਆਪ-ਮੁਹਾਰੇ ਫੁੱਟਣ ਲਗ ਪੈਂਦੀ ਸੀ। ਉਹ ਅੰਮ੍ਰਿਤ ਵੇਲੇ ਆਪਣੇ ਭਜਨ ਨਿਤਨੇਮ ਤੋਂ ਵਿਹਲੇ ਹੋ ਕੇ ਪੁਸਤਕਾਂ ਦਾ ਮੁਤਾਲਿਆ ਕਰਦੇ। ਫਿਰ, ਉਸ ਦਿਨ ਰਚੇ ਜਾਣ ਵਾਲੇ ਮਜ਼ਮੂਨ ਨੂੰ ਵਿਚਾਰਨ ਹਿਤ ਸੋਚਦੇ ਤੇ ਉਸ ਨੂੰ ਪੇਸ਼ ਕਰਨ ਦੀ ਵਿਉਂਤ ਬਣਾਉਂਦੇ। ਦੁਪਹਿਰ ਨੂੰ ਜਦੋਂ ਉਹ ਕਵਿਤਾ ਰਚਣ ਬੈਠਦੇ, ਤਾਂ ਉਨ੍ਹਾਂ ਦੀ ਰਚਨਾ ਲਿਖਣ ਲਈ ਚਾਰ ਲਿਖਾਰੀ ਆਉਂਦੇ। ਆਪ ਇਕ ਚਪਟੀ ਲੈ ਕੇ ਉਸ ਨਾਲ ਹੱਥ ਉੱਤੇ ਤਾਲ ਦੇ ਕੇ ਕਵਿਤਾ ਉਚਾਰਦੇ ਜਾਂਦੇ ਤੇ ਲਿਖਾਰੀ ਉਨ੍ਹਾਂ ਦੀ ਰਚਨਾ ਨੂੰ ਲਿਖਦੇ ਜਾਂਦੇ। ਇਸ ਤਰ੍ਹਾਂ ਕਵਿਤਾ ਸਮੇਂ ਇਕ ਤਰ੍ਹਾਂ ਦਾ ਪ੍ਰਵਾਹ ਚੱਲ ਪੈਂਦਾ। ਆਪ ਨੇ ਬਾਲਮੀਕੀ *ਰਾਮਾਯਣ* ਦਾ ਅਨੁਵਾਦ ਅਜੇ ਹੀ ਤੇਜ਼ੀ ਨਾਲ ਕੀਤਾ ਸੀ ਕਿ, ਹਿਸਾਬ ਲਾਇਆ ਗਿਆ ਹੈ, ਇਸ ਦਾ ਲਗਭਗ ਇਕ ਸਰਗ ਹਰ ਰੋਜ਼ ਮੁੱਕਦਾ ਰਿਹਾ।

ਸ੍ਰੀ ਗੁਰੂ ਨਾਨਕ ਪ੍ਰਕਾਸ਼ ਅਤੇ *ਸ੍ਰੀ ਗੁਰ ਪ੍ਰਤਾਪ ਸੂਰਜ* ਦੇ ਰਚਣਹਾਰ ਭਾਈ ਸੰਤੋਖ ਸਿੰਘ ਵਰਗੇ ਵੱਡੇ ਕਵੀ ਕੌਮਾਂ ਵਿਚ ਕਦੀ ਕਦਾਈਂ ਹੀ ਪੈਦਾ ਹੋਇਆ ਕਰਦੇ ਹਨ। ਇਨ੍ਹਾਂ ਦੀ ਸਾਰੀ ਰਚਨਾ ਬ੍ਰਜ ਵਿਚ ਹੋਣ ਦੇ ਕਾਰਣ ਪੰਜਾਬੀ ਦੇ ਅਜੋਕੇ ਪਾਠਕਾਂ ਨੂੰ ਇਸ ਦਾ ਓਨਾ ਲਾਭ ਨਹੀਂ ਪਹੁੰਚ ਰਿਹਾ ਜਿੰਨਾ ਕਿ ਹੋਣਾ ਚਾਹੀਦਾ ਹੈ, ਫੇਰ ਵੀ ਪੰਜਾਬੀ ਪ੍ਰਤਿਭਾ ਦੁਆਰਾ ਪੰਜਾਬ ਬਾਰੇ ਰਚਿਆ ਇਹ ਇਕ ਅਜੇਹਾ ਕਾਵਿ ਹੈ, ਜਿਸ ਤੋਂ ਕੁੱਝ ਸਿੱਖਣ ਦੇ ਚਾਹਵਾਨ ਸ਼ਬਦ-ਭੰਡਾਰ ਨਾਲ ਮਾਲਾ-ਮਾਲ ਹੋ ਸਕਦੇ ਹਨ; ਕਾਵਿ-ਕਲਾ ਦੇ ਗੁਰ ਦੀਆਂ ਉਡਾਰੀਆਂ ਸਿੱਖ ਸਕਦੇ ਹਨ ਤੇ ਛੰਦਾ-ਬੰਦੀ ਦੀ ਭਰਪੂਰ ਸੋਝੀ ਪ੍ਰਾਪਤ ਕਰ ਸਕਦੇ ਹਨ। ਕਵਿਤਾ ਤੋਂ ਛੁੱਟ ਪੁਰਾਣੀ ਭਾਰਤੀ ਸੰਸਕ੍ਰਿਤੀ ਦੀ ਬਾਤ ਇਸ ਸਾਰੇ ਖ਼ਜ਼ਾਨੇ ਵਿਚ ਭਾਈ ਸਾਹਿਬ ਨੇ ਇਸ ਤਰ੍ਹਾਂ ਭਰ ਦਿੱਤੀ ਹੈ ਕਿ ਇਹ ਨਿਰੋਲ ਸਿੱਖ ਤੇ ਇਤਿਹਾਸ ਚਿੰਤਨ ਦੇ ਵਿਸ਼੍ਵਕੋਸ਼ ਹੋਣ ਦੇ ਨਾਲ ਨਾਲ ਭਾਰਤੀ ਚਿੰਤਨ ਤੇ ਸੰਸਕ੍ਰਿਤੀ ਦਾ ਕੋਸ਼ ਵੀ ਬਣ ਗਿਆ ਹੈ।

ਭਾਈ ਵੀਰ ਸਿੰਘ : ਜੀਵਨ, ਰਚਨਾ ਤੇ ਸੰਪਾਦਨ-ਕਲਾ

ਭਾਈ ਵੀਰ ਸਿੰਘ ਆਧੁਨਿਕ ਸਮੇਂ ਦੇ ਮਹਾਨ ਲੇਖਕ ਹੋਏ ਹਨ। ਇਨ੍ਹਾਂ ਦਾ ਜਨਮ 1872 ਈ. ਵਿਚ ਪੰਜਾਬ ਦੇ ਸਾਹਿੱਤਕਾਰ ਤੇ ਗੁਰਮਤਿ ਦੇ ਗਿਆਤਾ ਡਾ. ਚਰਨ ਸਿੰਘ ਦੇ ਘਰ ਹੋਇਆ। ਇਨ੍ਹਾਂ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਜੀ ਗੁਰਬਾਣੀ ਦੇ ਵੱਡੇ ਵਿਦਵਾਨ ਤੇ ਆਪਣੇ ਸਮੇਂ ਦੇ ਪ੍ਰਸਿੱਧ ਕੋਸ਼ਕਾਰ ਤੇ ਟੀਕਾਕਾਰ ਸਨ। ਭਾਈ ਸਾਹਿਬ ਨੇ ਗੁਰਬਾਣੀ ਦੀ ਦੀਖਿਆ ਇਨ੍ਹਾਂ ਤੋਂ ਅਤੇ ਆਪਣੇ ਪਿਤਾ ਜੀ ਪਾਸੋਂ ਲਈ ਸੀ। ਆਪ ਨੇ ਰਚਨਾ ਦਾ ਕਾਰਜ ਛੋਟੀ ਉਮਰ ਵਿਚ ਹੀ ਸ਼ੁਰੂ ਕਰ ਦਿੱਤਾ ਸੀ। ਇਨਾਂ ਦੀ ਪਹਿਲੀ ਰਚਨਾਂ ਇਨ੍ਹਾਂ ਦਾ ਪ੍ਰਸਿੱਧ ਨਾਵਲ *ਸੁੰਦਰੀ* (1898ਈ.) ਸੀ। ਇਸ ਪਿੱਛੋਂ ਇਨ੍ਹਾਂ ਨੇ ਹੇਠ-ਉੱਤੇ, ਦੋ ਹੋਰ ਨਾਵਲ *ਬਿਜੈ ਸਿੰਘ* (1899) ਤੇ *ਸਤਵੰਤ ਕੌਰ* ਭਾਗ ੧(1900) ਲਿਖੇ। ਤੀਜਾ ਨਾਵਲ *ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ* 1907 ਤੋਂ 1921 ਤਕ ਕਿਸ਼ਤਾਂ ਵਿਚ ਛਪਦਾ ਰਿਹਾ। *ਰਾਜਾ ਲਖਦਾਤਾ ਸਿੰਘ* (ਨਾਟਕ) 1910 ਵਿਚ ਛਾਪੇ ਖ਼ਾਨੇ ਤੋਂ ਬਾਹਰ ਆਇਆ। ਇਸੇ ਕਾਲ ਦੀ ਇਕ ਹੋਰ ਵੱਡੀ ਦੇਣ *ਰਾਣਾ ਸੂਰਤ ਸਿੰਘ* (1905) ਸੀ, ਜੋ ਕਵਿਤਾ ਵਿਚ ਲਿਖਿਆ ਸਿੱਖ ਫ਼ਲਸਫ਼ੇ ਨੂੰ ਖੋਲ੍ਹਣ ਵਾਲਾ ਮਹਾਂ ਕਾਵਿ ਹੈ। ਰਾਣਾ ਸੂਰਤ ਸਿੰਘ ਤੋਂ ਛੁੱਟ, ਕਵਿਤਾ ਵਿਚ *ਤ੍ਰੇਲ ਤੁਪਕੇ* (1921), *ਮਟਕ ਹੁਲਾਰੇ* (1925), *ਬਿਜਲੀਆਂ ਦੇ ਹਾਰ* (1927), *ਲਹਿਰਾਂ ਦੇ ਹਾਰ* (1928), *ਪ੍ਰੀਤ ਵੀਣਾ* (1929), *ਕੰਬਦੀ ਕਲਾਈ* (1933) *ਤੇ ਮੇਰੇ ਸਾਈਆਂ ਜੀਓ* (1953), ਇਨ੍ਹਾਂ ਦੇ ਜੀਵਨ ਵਿਚ ਛਪ ਕੇ ਤਿਆਰ ਹੋਈਆਂ ਪੁਸਤਕਾਂ ਸਨ। ਇਨ੍ਹਾਂ ਦੇ ਦੇਹਾਂਤ ਪਿੱਛੋਂ *ਸਾਹਿੱਤਿਕ ਕਲੀਆਂ, ਸਿੱਕਾ ਸੱਧਰਾਂ, ਆਵਾਜ਼ ਆਈ ਤੇ ਪਿਆਰੇ ਜੀਓ* ਪ੍ਰਕਾਸ਼ਿਤ ਹੋਈਆਂ ਹਨ। ਇਨ੍ਹਾਂ ਨੇ ਪੰਜਾਬੀ ਵਾਰਤਕ ਸਾਹਿੱਤ ਵਿਚ *ਸ੍ਰੀ ਗੁਰੂ ਕਲਗੀਧਰ ਚਮਤਕਾਰ* (1925), *ਸ੍ਰੀ ਗੁਰੂ ਨਾਨਕ ਚਮਤਕਾਰ* (1928), ਸੰਤ ਗਾਥਾ (1938), ਤੇ *ਅਸ਼ਟ ਗੁਰ ਚਮਤਕਾਰ* (1951), *ਗੁਰ-ਬਾਲਮ ਸਾਖੀਆਂ ਪਾਤਸ਼ਾਹੀ ੧*(1955), *ਗੁਰ ਬਾਲਮ ਸਾਖੀਆਂ ਪਾਤਸ਼ਾਹੀ ੧੦* (1955), *ਸਰਵ ਪ੍ਰਿਯ ਸਿੱਖ ਧਰਮ* (1956), ਆਦਿ ਦੀ ਦੇਣ ਦਿੱਤੀ ਹੈ।

ਸੰਪਾਦਨ ਦੇ ਖੇਤਰ ਵਿਚ ਆਪ ਜੀ ਦੀਆਂ ਯਾਦਗਾਰੀ ਕਿਰਤਾਂ, *ਸਿੱਖਾਂ ਦੀ ਭਗਤ-ਮਾਲਾ* (1921), *ਪ੍ਰਾਚੀਨ ਪੰਥ ਪ੍ਰਕਾਸ਼* (1921), *ਪੁਰਾਤਨ ਜਨਮ ਸਾਖੀ* (1926), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ* (1926-35), *ਸ੍ਰੀ ਗੁਰੂ ਤੇਗ ਬਹਾਦਰ ਦੇ ਦੌਰੇ ਦੀਆਂ ਸਾਖੀਆਂ ਤੇ ਟੀਕਾ ਭਾਈ ਗੁਰਦਾਸ ਸਕੰਧ* 2(1951) ਹਨ। ਉਨ੍ਹਾਂ ਦੀ *ਪੰਜ ਗ੍ਰੰਥੀ ਸਟੀਕ* ਮੁਕੰਮਲ ਹੋ ਕੇ 1906 ਵਿਚ ਛਾਪ ਚੁੱਕੀ ਸੀ, ਪਿੱਛੋਂ ਜਾ ਕੇ ਸਾਰੇ *ਗੁਰੂ ਗ੍ਰੰਥ ਸਾਹਿਬ* ਦੀ ਬੜੀ ਵਧੀਆ ਵਿਆਖਿਆ, ਸੰਥਯਾ *ਸ੍ਰੀ ਗੁਰੂ ਗ੍ਰੰਥ ਸਾਹਿਬ* ਨਾਂ ਹੇਠ ਤਿਆਰ ਕਰਨੀ ਸ਼ੁਰੂ ਕੀਤੀ, ਪਰ ਜੀਵਨ ਨੇ ਸਾਥ ਨਾ ਦਿੱਤਾ, ਸੋ ਇਹ ਬੜੀ ਜ਼ਰੂਰੀ ਰਚਨਾ ਅਧੂਰੀ ਹੀ ਰਹਿ ਗਈ। ਇਹ ਪਹਿਲੀ ਵਾਰੀ, ਡਾ. ਬਲਬੀਰ ਸਿੰਘ ਦੇ ਸੰਪਾਦਨ ਹੇਠ ਖ਼ਾਲਸਾ ਸਮਾਚਾਰ, ਅੰਮ੍ਰਿਤਸਰ ਵੱਲੋਂ 1958 ਵਿਚ ਛਪੀ। ਸਿੱਖ ਇਤਿਹਾਸ ਤੇ ਗੁਰਮਤਿ ਆਪ ਜੀ ਦੇ ਵਿਸ਼ੇਸ਼ ਖੇਤਰ ਸਨ। ਆਪ ਜੀ ਨੇ 1957 ਈ. ਵਿਚ ਚਲਾਣਾ ਕੀਤਾ। ਪੰਜਾਬ ਸਰਕਾਰ ਵੱਲੋਂ, ਆਪ ਨੂੰ ਆਪ ਦੀ ਸਾਹਿੱਤਿਕ ਦੇਣ ਦੇ ਸਨਮਾਨ ਵਿਚ, ਪੰਜਾਬ ਦੇ ਵਿਧਾਨ ਪਰਿਸ਼ਦ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਸੀ ; ਯੂਨੀਵਰਸਿਟੀ ਨੇ ਆਪ ਨੂੰ ਡੀ. ਓ. ਐਲ. ਦੀ ਮਾਨ-ਅਰਥ ਡਿਗਰੀ ਪ੍ਰਦਾਨ ਕੀਤੀ ਸੀ (1948) ਤੇ ਭਾਰਤ ਸਰਕਾਰ ਨੇ ਪਦਮ ਭੂਸ਼ਣ ਦੀ ਉਪਾਧੀ ਨਾਲ ਸਨਮਾਨਿਆ (1956) ਸੀ।

ਜਿਸ ਤਰ੍ਹਾਂ ਕਿ ਮੈਂ ਪਹਿਲਾਂ ਇਸ਼ਾਰਾ ਕਰ ਆਈ ਹਾਂ ਭਾਈ ਵੀਰ ਸਿੰਘ ਦੇ ਅਮਰ ਕੰਮਾਂ ਵਿੱਚੋਂ ਇੱਕ ਵੱਡਾ ਕੰਮ ਹੈ ਭਾਈ ਸੰਤੋਖ ਸਿੰਘ ਦੇ *ਸ੍ਰੀ ਗੁਰੂ ਨਾਨਕ ਪ੍ਰਕਾਸ਼* ਤੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਦਾ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ* ਨਾਂ ਹੇਠ 14 ਜਿਲਦਾਂ ਵਿਚ ਸੰਪਾਦਨ। ਇਸ ਦਾ ਮੁਲੰਕਣ ਕਰਨ ਤੋਂ ਪਹਿਲਾਂ ਸੰਪਾਦਨ-ਕਲਾ ਬਾਰੇ ਕੁੱਝ ਸ਼ਬਦ ਕਹਿਣ ਦੀ ਲੋੜ ਹੈ।

ਸੰਪਾਦਨ-ਕਲਾ ਦੀਆਂ ਮੰਗਾਂ

ਹੱਥ-ਲਿਖਤਾਂ ਦਾ ਸੰਪਾਦਨ ਬੜਾ ਔਖਾ ਕੰਮ ਹੈ। ਇਸ ਦਾ ਪੂਰਾ ਪਤਾ ਉਸੇ ਨੂੰ ਹੈ, ਜਿਸ ਨੂੰ ਇਸ ਕੰਮ ਨਾਲ ਵਾਹ ਪੈ ਚੁੱਕਾ ਹੈ। ਇਸ ਕੰਮ ਲਈ ਤਿੰਨ ਗੱਲਾਂ ਦੀ ਲੋੜ ਹੁੰਦੀ ਹੈ : (1) ਪਹਿਲਾਂ ਪ੍ਰਮਾਣਿਕ ਪਾਠ ਤਿਆਰ ਕੀਤਾ ਜਾਵੇ (2) ਫੇਰ ਪਾਠ ਵਿਚ ਪੈਦਾ ਹੋਣ ਵਾਲੀਆਂ ਗੁੰਝਲਾਂ ਖੋਲ੍ਹੀਆਂ ਜਾਣ ਅਤੇ (3) ਅੰਤ ਵਿਚ, ਲਿਖਤ ਦੇ ਗੁਣਾਂ-ਦੋਸ਼ਾਂ ਦਾ ਵਿਵੇਚਨ ਕੀਤਾ ਜਾਵੇ। ਪ੍ਰਮਾਣਿਕ ਪਾਠ ਦੀ ਤਿਆਰੀ ਇਕ ਬੜਾ ਔਖਾ ਕੰਮ ਹੈ। ਇਕ ਤਾਂ ਪੁਰਾਣੇ ਅੱਖਰਾਂ ਦਾ ਪੜ੍ਹਨਾ ਆਪਣੇ ਆਪ ਵਿਚ ਹੀ ਔਖਾ ਕੰਮ ਹੁੰਦਾ ਹੈ ; ਦੂਜੇ ਲਿਖਾਰੀਆਂ ਨੇ ਉਤਾਰੇ ਵੇਲੇ ਅਨੇਕਾਂ ਭੁੱਲਾਂ ਪਾਈਆਂ ਹੁੰਦੀਆਂ ਹਨ ; ਤੀਜੇ, ਜੇ ਖਰੜਿਆਂ ਉੱਤੇ ਮਿਤੀਆਂ ਨਾ ਹੋਣ ਤਾਂ ਇਹ ਨਿਰਣਾ ਕਰਨਾ ਬੜਾ ਔਖਾ ਹੁੰਦਾ ਹੈ ਕਿ ਕਿਸ ਖਰੜੇ ਨੂੰ ਮੂਲ-ਆਧਾਰ ਬਣਾਇਆ ਜਾਵੇ। ਨਿਸ਼ਾਨਾ ਇਹ ਹੁੰਦਾ ਹੈ ਕਿ ਲੇਖਕ ਦੇ ਮੂਲ ਪਾਠ ਦੇ ਨੇੜੇ ਨੇੜੇ ਪਹੁੰਚਿਆ ਜਾਵੇ। ਜੇ ਲੇਖਕ ਦਾ ਆਪਣਾ ਜਾਂ ਮੂਲ-ਪਾਠ ਨਾ ਮਿਲੇ ਤਾਂ ਜਿਹੜਾ ਲੇਖਕ ਦੇ ਨੇੜੇ ਹੋਵੇ, ਉਸ ਨੂੰ ਚੁਣਨਾ ਪੈਂਦਾ ਹੈ। ਜੇ ਇਕ ਤੋਂ ਵੱਧ ਪਾਠ ਸੰਭਵ ਹਨ ਤਾਂ ਉਨ੍ਹਾਂ ਨੂੰ ਪਾਠ-ਭੇਦਾਂ ਰਾਹੀਂ ਦਰਸਾਉਣਾਂ ਹੁੰਦਾ ਹੈ।

ਸੰਪਾਦਨ ਦਾ ਦੂਜਾ ਕੰਮ, ਪਾਠ ਵਿਚ ਉੱਠੀਆਂ ਗੁੰਝਲਾਂ ਹੱਲ ਕਰਨ ਦਾ ਹੁੰਦਾ ਹੈ। ਇਹ ਬਹੁਤ ਹੀ ਔਖਾ ਕੰਮ ਹੈ ਤੇ ਸੰਪਾਦਕ ਪਾਸੋਂ ਬੜੇ ਵਿਸ਼ਾਲ ਗਿਆਨ, ਮਿਹਨਤ ਅਤੇ ਬਿਬੇਕ-ਬੁੱਧੀ ਦੀ ਮੰਗ ਕਰਦਾ ਹੈ। ਖੋਜ ਦੇ ਖੇਤਰ ਵਿਚ ਇਹ ਕਲਾ "ਪਾਠ-ਆਲੋਚਨਾ" (Texual criticism) ਅਖਵਾਉਂਦੀ ਹੈ।

ਸੰਪਾਦਨ-ਕਲਾ ਦਾ ਤੀਜਾ ਅੰਗ ਰਚਨਾ ਦਾ ਮੁਲੰਕਣ ਜਾਂ ਲਿਖਤ ਦੇ ਗੁਣਾਂ-ਦੋਸ਼ਾਂ ਦਾ ਵਿਵੇਚਨ ਹੈ। ਇਸ ਕਾਰਜ ਲਈ ਸੰਪਾਦਕ ਵਿਚ ਰਚਨਾ ਦੇ ਖੇਤਰ ਦੀ ਬੜੀ ਡੂੰਘੀ ਸੂਝ ਹੋਣੀ ਜ਼ਰੂਰੀ ਹੈ। ਜੋ ਸੰਪਾਦਨ-ਕਾਰਜ ਵਾਲੀ ਪੁਸਤਕ ਕਵਿਤਾ ਵਿਚ ਹੈ ਤਾਂ ਉਸ ਦਾ ਮੁੱਲ ਪਾਣ ਲਈ ਸੰਪਾਦਕ ਨੂੰ ਕਵਿਤਾ ਦੀ ਪ੍ਰਕ੍ਰਿਤੀ ਤੇ ਉਸ ਦੇ ਗੁਣਾਂ-ਦੋਸ਼ਾਂ ਦਾ ਪਤਾ ਹੋਣਾ ਚਾਹੀਦਾ ਹੈ। ਜੇ ਪੁਸਤਕ ਇਤਿਹਾਸ ਨਾਲ ਸੰਬੰਧਿਤ ਹੈ ਤਾਂ ਸੰਪਾਦਕ ਨੂੰ ਇਤਿਹਾਸ ਦੇ ਵਿਸ਼ੇ ਦੀ ਸੋਝੀ ਹੋਣੀ ਚਾਹੀਦੀ ਹੈ ਤੇ ਇਸ ਤਰ੍ਹਾਂ ਗੱਲ ਅੱਗੇ ਤੋਂ ਅਗੇਰੇ ਚਲਦੀ ਹੈ। ਇਸ ਕੰਮ ਦੀ ਮਹੱਤਾ ਨੂੰ ਚਿਤਾਰਦਿਆਂ ਡਾ. ਰਤਨ ਸਿੰਘ ਜੱਗੀ ਨੇ ਇਕ ਥਾਂ ਲਿਖਿਆ ਹੈ "ਪਾਠ ਦਾ ਨਿਰਣਾ ਕਰਨਾ ਵੀ ਹਰ ਤਰ੍ਹਾਂ ਦੀ ਖੋਜ ਵਾਂਗ ਸੱਚ ਤਕ ਪਹੁੰਚਣਾ ਹੈ"[1]।

ਪੰਜਾਬੀ ਵਿਚ ਸੰਪਾਦਨ-ਕਾਰਜ

ਪੰਜਾਬੀ ਵਿਚ ਸੰਪਾਦਨ ਦਾ ਪਹਿਲਾ ਕੰਮ ਪੰਜਵੇਂ ਗੁਰੂ ਜੀ ਦੇ ਹੱਥੋਂ ਹੋਇਆ ਜਦੋਂ ਉਨ੍ਹਾਂ ਨੇ ਆਪਣੀ ਬਾਣੀ ਦੇ ਨਾਲ ਆਪਣੇ ਤੋਂ ਪਹਿਲਾਂ ਹੋਏ ਗੁਰੂਆਂ ਤੇ ਭਗਤਾਂ ਆਦਿ ਦੀ ਬਾਣੀ ਨੂੰ ਤਰਤੀਬ ਦੇ ਕੇ *ਆਦਿ ਬੀੜ* ਦੇ ਰੂਪ ਵਿਚ 1604 ਈ. ਵਿਚ ਪੇਸ਼ ਕੀਤਾ।ਇਹੀ ਬੀੜ ਬਾਅਦ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦੇ ਵਾਧੇ ਨਾਲ *ਸ੍ਰੀ ਗੁਰੂ ਗ੍ਰੰਥ ਸਾਹਿਬ* ਬਣੀ। ਗੁਰੂ ਅਰਜਨ ਸਾਹਿਬ ਨੂੰ ਇਸ ਕੰਮ ਵਿਚ ਕੀ ਔਕੜਾਂ ਆਈਆਂ ਤੇ ਗੁਰੂ ਸਾਹਿਬ ਨੇ ਉਨ੍ਹਾਂ ਔਕੜਾਂ ਦਾ ਸਮਾਧਾਨ ਕਿਵੇਂ ਕੀਤਾ, ਇਸ ਦਾ ਸਾਡੇ ਕੋਲ ਕੋਈ ਦਸਤਾਵੇਜ਼ੀ ਸਬੂਤ ਨਹੀਂ ਹੈ। ਜੋ ਕੁੱਝ ਹੈ ਉਹ ਸਾਮਗ੍ਰੀ ਦੇ ਇਕੱਤਰ ਕਰਨ ਬਾਰੇ ਕੁੱਝ ਸਾਖੀਆਂ ਹੀ ਹਨ। ਫੇਰ ਵੀ ਇਹ ਤਾਂ ਸਪਸ਼ਟ ਹੀ ਹੈ ਕਿ ਗੁਰੂ ਅਰਜਨ ਸਾਹਿਬ ਦੇ ਸਾਮ੍ਹਣੇ ਵੀ ਇਹ ਸਾਰੇ ਮਸਲੇ ਆਏ ਹੋਣਗੇ ਤੇ ਉਨ੍ਹਾਂ ਨੇ ਹੱਲ ਵੀ ਕੀਤੇ ਹੋਣਗੇ। ਕੁੱਝ ਵੀ ਹੋਵੇ, ਸੂਚਨਾ ਦੀ ਅਣਹੋਂਦ ਦੇ ਕਾਰਨ ਮੇਰੇ ਲਈ ਗੁਰੂ ਸਾਹਿਬ ਵੱਲੋਂ ਅਪਣਾਏ ਗਏ ਪਾਠ ਨਿਰਧਾਰਿਤ ਕਰਨ ਦੇ ਸਿੱਧਾਂਤਾਂ ਬਾਰੇ ਕੁਝ ਕਹਿਣਾ ਸੰਭਵ ਨਹੀਂ ਹੈ।

ਆਧੁਨਿਕ ਸੰਪਾਦਨ-ਕਲਾ ਦਾ ਆਰੰਭ ਉੱਨ੍ਹੀਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਹੋਇਆ, ਜਦੋਂ ਓਰੀਐਂਟਲ ਕਾਲਜ ਦੇ ਪ੍ਰੋ. ਗੁਰਮੁਖ ਸਿੰਘ ਨੇ ਪ੍ਰਸਿੱਧ ਇਤਿਹਾਸਕਾਰ ਮੈਕਸ ਆਰਥਰ ਮੈਕਾਲਿਫ਼ ਦੀ ਨਿਗਰਾਨੀ ਹੇਠ ਹਾਫਿਜ਼ਾਬਾਦ ਵਾਲੀ *ਜਨਮ ਸਾਖੀ ਬਾਬੇ ਨਾਨਕ* ਜੀ ਨੂੰ ਸੰਪਾਦਿਤ ਕਰਕੇ ਲੋਕਾਂ ਦੇ ਸਾਮ੍ਹਣੇ ਪੇਸ਼ ਕੀਤਾ[2]। ਪਰ ਉਨ੍ਹਾਂ ਦਾ ਸੰਪਾਦਨ ਪਦ-ਛੇਦ ਕਰਨ ਅਤੇ ਬਿਸ੍ਰਾਮ ਚਿੰਨ੍ਹ ਲਾਉਣ ਤੋਂ ਅੱਗੇ ਨ ਤੁਰਿਆ। ਸੰਪਾਦਨ ਦੇ ਕੰਮ ਨੂੰ ਠੀਕ ਅਰਥਾਂ ਵਿਚ ਚਲਾਉਣ ਦਾ ਸਿਹਰਾ ਭਾਈ ਵੀਰ ਸਿੰਘ ਦੇ ਸਿਰ ਹੀ ਬੱਝਦਾ ਹੈ। ਉਨ੍ਹਾਂ ਪਹਿਲਾਂ *ਪੁਰਾਤਨ ਜਨਮਸਾਖੀ* ਨੂੰ 1926 ਈ. ਵਿਚ ਅਤੇ ਪਿੱਛੋਂ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ* ਨੌ-ਦਸ ਸਾਲ ਦੀ

1. "ਪੁਰਾਤਨ ਹੱਥ-ਲਿਖਤਾਂ ਦੀ ਖੋਜ ਅਤੇ ਸੰਪਾਦਨ", *ਖੋਜ ਦਰਪਣ*, ਜਿਲਦ 2, ਅੰਕ ੧, (ਜਨਵਰੀ1975).

2. ਦੇਖੋ ਪੁਸਤਕ ਨੰ. 1464, ਲਾਇਬ੍ਰੇਰੀ, ਖਾਲਸਾ ਕਾਲਜ, ਅੰਮ੍ਰਿਤਸਰ.

ਲਗਾਤਾਰ ਮਿਹਨਤ ਨਾਲ 1935 ਵਿਚ ਤਿਆਰ ਕੀਤੀ। ਇਹ ਕੰਮ 14 ਜਿਲਦਾਂ ਵਿਚ ਮੁੱਕਿਆ। ਪਹਿਲੀ ਜਿਲਦ ਇਸ ਦੀ ਭੂਮਿਕਾ ਬਣੀ, ਜਿਸ ਦਾ ਨਾਂ ਇਨ੍ਹਾਂ "ਪ੍ਰਸਤਾਵਨਾ" ਰੱਖਿਆ। ਭਾਈ ਸਾਹਿਬ ਵੱਲੋਂ ਸੰਪਾਦਿਤ ਗ੍ਰੰਥਾਵਲੀ ਦੀਆਂ ਥੋੜੇ ਸਮੇਂ ਵਿਚ ਹੀ ਚਾਰ ਐਡੀਸ਼ਨਾਂ ਨਿਕਲ ਗਈਆਂ ਜਿਸ ਤੋਂ ਗ੍ਰੰਥ ਉੱਤੇ ਉਨ੍ਹਾਂ ਵੱਲੋਂ ਹੋਏ ਕੰਮ ਦੇ ਹਰ-ਮਨ-ਪਿਆਰਾ ਹੋਣ ਦੀ ਸੂਚਨਾ ਮਿਲਦੀ ਹੈ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਦਾ ਸੰਪਾਦਨ

ਪਰਿਆਇ ਤੇ ਅਰਥ : *ਸ੍ਰੀ ਗੁਰ ਪ੍ਰਤਾਪ ਗ੍ਰੰਥਾਵਲੀ* ਦੇ ਸੰਪਾਦਨ ਦਾ ਕੰਮ ਹੱਥ ਵਿਚ ਲੈਣ ਸਮੇਂ ਭਾਈ ਵੀਰ ਸਿੰਘ ਦਾ ਖ਼ਿਆਲ ਕੇਵਲ ਔਖੇ ਸ਼ਬਦਾਂ ਦੇ ਪਰਿਆਇ ਜਾਂ ਅਰਥ ਦੇਣ ਦਾ ਹੀ ਸੀ। ਉਨ੍ਹਾਂ ਦਿਨਾਂ ਵਿਚ ਗੁਰਦੁਆਰਿਆਂ ਅਤੇ ਡੇਰਿਆਂ ਵਿਚ *ਸੂਰਜ ਪ੍ਰਕਾਸ਼* ਦੀ ਕਥਾ ਆਮ ਹੋਇਆ ਕਰਦੀ ਸੀ। ਇਸ ਗ੍ਰੰਥ ਦੀ ਭਾਸ਼ਾ ਲੋਕਾਂ ਲਈ ਬੜੀ ਔਖੀ ਸੀ, ਸੋ ਕਥਾ ਦੇ ਕੰਮ ਨੂੰ ਸੌਖਾ ਬਣਾਉਣ ਲਈ ਪਰਿਆਇ ਲਾਉਣ ਦੀ ਲੋੜ ਸੀ। ਜਦੋਂ ਭਾਈ ਸਾਹਿਬ ਦਾ ਇਹ ਸੰਕਲਪ ਉਸ ਸਮੇਂ ਦੇ ਪ੍ਰਸਿੱਧ ਰਾਗੀ ਤੇ ਪ੍ਰਚਾਰਕ, ਭਾਈ ਹੀਰਾ ਸਿੰਘ ਨੂੰ ਪਤਾ ਲੱਗਾ, ਤਾਂ ਉਨ੍ਹਾਂ ਸਲਾਹ ਦਿੱਤੀ ਕਿ "ਇਸ ਗ੍ਰੰਥ ਵਿਚ ਆਏ ਕਠਿਨ ਮਾਮਲੇ ਖੁਹਲੇ ਜਾਣ ਤੇ ਇਤਰਾਜ਼-ਯੋਗ ਥਾਵਾਂ ਅਰ ਇਤਿਹਾਸਿਕ ਉਕਾਈਆਂ ਦੇ ਉੱਧਾਰ ਤੇ ਸਮਾਧਾਨ ਬੀ ਕੀਤੇ ਜਾਣ, ਤਾਂ ਜੋ ਹਰ ਖਿਆਲ ਦੇ ਸੱਜਣਾਂ ਵਿਚ ਇਸ ਗ੍ਰੰਥ ਦੇ ਪੜ੍ਹਨ ਦਾ ਚਾਉ ਮੁੜ ਉਪਜ ਪਵੇ[3]। ਭਾਈ ਵੀਰ ਸਿੰਘ ਜੀ ਨੂੰ ਇਹ ਗੱਲ ਪਸੰਦ ਆਈ ਅਤੇ ਉਨ੍ਹਾਂ ਮਿਹਨਤ ਦੇ ਵੱਧ ਜਾਣ ਦੀ ਪਰਵਾਹ ਨ ਕਰਦਿਆਂ ਇਹ ਬੀੜਾ ਚੁੱਕ ਲਿਆ। ਉਨ੍ਹਾਂ ਨੇ ਕੰਮ ਦੀ ਵਿਉਂਤ ਬਣਾਈ ਜਿਸ ਅਨੁਸਾਰ ਸਭ ਤੋਂ ਪਹਿਲਾਂ ਮੰਗਲਾਂ ਦਾ ਟੀਕਾ ਕੀਤਾ ਜਾਣਾ ਸੀ। ਮੰਗਲਾਂ ਵਿਚ ਕੇਵਲ ਗੁਰੂ-ਜਸ ਹੀ ਪ੍ਰਾਪਤ ਨਹੀਂ ਸੀ, ਭਾਈ ਸਾਹਿਬ ਦੇ ਦਾਰਸ਼ਨਿਕ ਤੇ ਧਾਰਮਿਕ ਵਿਚਾਰ ਵੀ ਬਹੁਤ ਸਾਰੇ ਮਿਲਦੇ ਸਨ। ਇਹ ਮੰਗਲ ਸ਼ਬਦ-ਕੋਸ਼ ਦਾ ਭੰਡਾਰ ਵੀ ਸਨ। ਇਸ ਲਈ ਇਹ ਮਹਿਸੂਸ ਕੀਤਾ ਗਿਆ ਕਿ ਜੇ ਪਹਿਲਾਂ ਮੰਗਲਾਂ ਦੀ ਭਰਪੂਰ ਵਿਆਖਿਆ ਕਰ ਲਈ ਜਾਵੇ ਤਾਂ ਬਾਕੀ ਗੱਲਾਂ ਬਹੁਤ ਸਾਰੀਆਂ ਆਪਣੇ ਆਪ ਹੱਲ ਹੋ ਜਾਣਗੀਆਂ । ਸੋ ਪਹਿਲਾਂ ਮੰਗਲਾਂ ਦੇ ਪੂਰੇ ਪੂਰੇ ਟੀਕੇ ਕੀਤੇ ਗਏ, ਭਾਵਾਰਥ ਖੋਲ੍ਹੇ ਗਏ ਤੇ ਪਦਿਆਂ ਵਿਚ ਆਏ ਔਖੇ ਸ਼ਬਦਾਂ ਦੇ ਅਰਥ ਵੀ ਵਿਸਤਾਰ ਸਹਿਤ ਦਿੱਤੇ ਗਏ। ਬਹੁਤੀ ਵਾਰੀ ਉਨ੍ਹਾਂ ਦੀ ਵਿਉਤਪੱਤੀ ਵੀ ਦਰਸਾ ਦਿੱਤੀ ਗਈ।

ਪਰਿਆਇ ਲਾਣ ਵੇਲੇ ਭਾਈ ਵੀਰ ਸਿੰਘ ਨੂੰ ਉਨ੍ਹਾਂ ਦੇ ਖ਼ਾਨਦਾਨ ਦੇ ਅੰਦਰ ਵਿਆਪਕ ਗਿਆਨ ਨੇ ਬੜੀ ਮਦਦ ਦਿੱਤੀ। ਉਨ੍ਹਾਂ ਦੇ ਪਿਤਾ ਡਾ. ਚਰਨ ਸਿੰਘ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਦੇ ਸੂਝਵਾਨ ਪਾਠਕ ਸਨ। ਉਨ੍ਹਾਂ ਇਸ ਗ੍ਰੰਥ ਦੇ ਔਖੇ ਸ਼ਬਦਾਂ ਦੇ ਪਰਿਆਇ ਤਿਆਰ ਕੀਤੇ ਹੋਏ ਸਨ। ਭਾਈ ਵੀਰ ਸਿੰਘ ਨੇ ਇਨ੍ਹਾਂ ਤੋਂ ਬੜਾ ਲਾਭ ਉਠਾਇਆ। ਇਸ ਤੋਂ ਛੁੱਟ ਇਨ੍ਹਾਂ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਵਲੋਂ ਤਿਆਰ ਕੀਤੇ ਗਏ *ਸ੍ਰੀ ਗੁਰੂ ਗ੍ਰੰਥ-ਕੋਸ਼* ਤੋਂ ਵੀ ਇਨ੍ਹਾਂ ਨੂੰ ਬੜੀ ਮਦਦ ਮਿਲੀ।

ਪ੍ਰਮਾਣਿਕ ਪਾਠ ਦੀ ਤਿਆਰੀ : ਸੰਪਾਦਨ-ਕਾਰਜ ਸਮੇਂ ਦੂਜੀ ਸਮੱਸਿਆ ਜੋ ਉਪਜੀ, ਉਹ ਭਾਈ ਸੰਤੋਖ ਸਿੰਘ ਰਚਿਤ ਗ੍ਰੰਥਾਂ ਵਿੱਚੋਂ ਅਣਚਾਹੇ ਹਿੱਸੇ ਕੱਟਣ ਦੀ ਸੀ। ਕੁੱਝ ਸੱਜਣਾਂ ਵੱਲੋਂ ਇਹ ਖ਼ਿਆਲ ਪੇਸ਼ ਕੀਤਾ ਗਿਆ ਕਿ ਐਸੇ ਹਿੱਸੇ ਕਟ ਦਿੱਤੇ ਜਾਣ ਪਰ ਇਹ ਗੱਲ ਸੰਪਾਦਨ ਦੀ ਨੀਤੀ ਦੇ ਵਿਰੁੱਧ ਸੀ। ਇਸ ਲਈ ਭਾਈ ਵੀਰ ਸਿੰਘ ਨੇ ਇਹ ਸੁਝਾਉ ਪਰਵਾਨ ਨਾ ਕੀਤਾ ਸਗੋਂ ਇਸ ਦੀ ਥਾਂ ਮੂਲ ਪਾਠ ਜਿਉਂ ਦਾ ਤਿਉਂ ਰੱਖ ਕੇ ਹੇਠਾਂ ਟੂਕਾਂ ਰਾਹੀਂ ਖੋਲ੍ਹ ਕੇ ਉਹ ਨੁਕਤੇ ਦੱਸੇ ਜੋ ਮੂਲ ਲੇਖਕ ਦੇ ਬਿਆਨਾਂ ਨੂੰ ਅਣਚਾਹਿਆ ਬਣਾਉਂਦੇ ਸਨ[4]।

ਪ੍ਰਮਾਣਿਕ ਪਾਠ ਨਿਰਧਾਰਿਤ ਕਰਨ ਲਈ ਸੰਪਾਦਕ ਨੇ ਭਾਈ ਸੰਤੋਖ ਸਿੰਘ ਦੇ ਆਪਣੇ ਹੱਥਾਂ ਦੇ ਲਿਖੇ ਗ੍ਰੰਥਾਂ ਦੀ ਭਾਲ ਕੀਤੀ। *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਦੀ ਜੋ ਸੈਂਚੀ ਭਾਈ ਸੰਤੋਖ ਸਿੰਘ ਸ੍ਰੀ ਅਕਾਲ ਤਖ਼ਤ ਭੇਟਾ ਕਰ ਗਏ ਸਨ, ਉਹ ਲੋਪ ਹੋ ਚੁੱਕੀ ਸੀ। ਭਾਈ ਸਾਹਿਬ ਦੇ ਸਪੁੱਤਰ ਅਜੈ ਸਿੰਘ, ਜਿਸ ਪੋਥੀ ਤੋਂ ਅਨੰਦਪੁਰ ਸਾਹਿਬ ਕਥਾ ਕਰਿਆ ਕਰਦੇ ਸਨ, ਉਹ ਵੀ ਨ ਮਿਲੀ। ਇਸ ਲਈ ਭਾਈ ਵੀਰ ਸਿੰਘ ਨੇ ਭਾਈ ਸੰਤੋਖ ਸਿੰਘ ਦੇ ਸਮੇਂ ਦੇ ਨੇੜੇ ਦੇ ਕਾਲ ਵਿਚ ਲਿਖੀਆਂ ਗਈਆਂ ਨਕਲਾਂ ਦੀ ਭਾਲ ਆਰੰਭ ਕੀਤੀ। ਉਨ੍ਹਾਂ ਨੂੰ ਇਕ ਖਰੜਾ ਸੰਮਤ 1912 ਬਿ./1855 ਈ. ਦਾ ਲਿਖਿਆ ਮਿਲਿਆ। ਇਹ ਗ੍ਰੰਥ ਕਵੀ ਜੀ ਦੇ ਮੂਲ

3. *ਸੂਰਜ ਗ੍ਰੰਥ*. (ਪ੍ਰਸਤਾਵਨਾ), ਪੰਨੇ 9-10.
4. *ਉਹੀ*, ਪੰਨਾ 10.

ਗ੍ਰੰਥ ਸਮਾਪਤ ਕਰਨ ਦੇ ਕੇਵਲ 12 ਵਰ੍ਹੇ ਪਿਛੋਂ ਦਾ ਸੀ ਪਰ ਇਹ ਅਧੂਰਾ ਸੀ। ਫਿਰ ਇਕ ਹੋਰ ਖਰੜਾ 1919 ਬਿ./1862 ਈ. ਦਾ ਮਿਲਿਆ। ਇਸ ਨੂੰ ਆਧਾਰ ਬਣਾ ਕੇ ਪ੍ਰਾਪਤ ਹੋਰਨਾਂ ਖਰੜਿਆਂ ਨਾਲ ਇਸ ਦਾ ਮਿਲਾਨ ਕੀਤਾ ਗਿਆ। ਮਿਲਾਨ ਵਾਲੇ ਗ੍ਰੰਥਾਂ ਬਾਰੇ ਭਾਈ ਸਾਹਿਬ ਨੇ ਕੋਈ ਸੂਚਨਾ ਨਹੀਂ ਦਿੱਤੀ ਤੇ ਨ ਹੀ ਪਾਠ-ਭੇਦਾਂ ਨਾਲ ਉਨ੍ਹਾਂ ਗ੍ਰੰਥਾਂ ਦੇ ਹਵਾਲੇ ਦਿੱਤੇ ਹਨ। ਇਸ ਹੱਦ ਤੱਕ ਭਾਈ ਵੀਰ ਸਿੰਘ ਦਾ ਕੰਮ ਅਧੂਰਾ ਕਿਹਾ ਜਾ ਸਕਦਾ ਹੈ। ਜੇ ਉਹ ਮਿਲਾਨ ਵਾਲੇ ਖਰੜਿਆਂ ਦਾ ਬਿਉਰਾ ਦੇ ਦੇਂਦੇ ਤਾਂ ਆਉਣ ਵਾਲੇ ਸਮੇਂ ਵਿਚ ਖੋਜ ਕਰਨ ਵਾਲਿਆਂ ਨੂੰ ਚੋਖੀ ਮਦਦ ਮਿਲਦੀ। ਅਸਲ ਵਿਚ ਜਦੋਂ ਭਾਈ ਵੀਰ ਸਿੰਘ ਇਹ ਗ੍ਰੰਥ ਤਿਆਰ ਕਰ ਰਹੇ-ਸਨ, ਓਦੋਂ ਸੰਪਾਦਨ-ਕਲਾ ਦੀ ਸੋਝੀ ਪੰਜਾਬੀ ਜਗਤ ਵਿਚ ਬਹੁਤ ਘੱਟ ਸੀ। ਇਸ ਲਈ ਉਨ੍ਹਾਂ ਨੂੰ ਇਸ ਉਕਾਈ ਵੱਲੋਂ ਛੋਟ ਦੇਣੀ ਬਣਦੀ ਹੈ।

ਪਾਠ-ਮਿਲਾਨ ਪਿੱਛੋਂ ਜਿਹੜੇ ਪਾਠ-ਭੇਦ ਅੱਖਾਂ ਸਾਮ੍ਹਣੇ ਆਏ, ਉਹ ਸੰਪਾਦਕ ਨੇ ਫ਼ੁਟ-ਨੋਟਾਂ ਵਿਚ ਦੇ ਦਿੱਤੇ ਹਨ। ਕਈ ਪਾਠ ਅਸਲੋਂ ਅਸ਼ੁੱਧ ਸਨ ਪਰ ਉਨ੍ਹਾਂ ਦੇ ਸ਼ੁੱਧ ਪਾਠ ਹੋ ਸਕਦੇ ਹਨ। ਉਹ ਭੀ ਸੰਪਾਦਕ ਨੇ ਫ਼ੁਟ ਨੋਟਾਂ ਵਿਚ ਦਿੱਤੇ ਹਨ। ਜਤਨ ਇਹ ਕੀਤਾ ਹੈ ਕਿ ਮੂਲ ਪਾਠਾਂ ਨੂੰ ਚਾਹੇ ਉਹ ਅਸ਼ੁੱਧ ਹੀ ਹੋਣ, ਨ ਛੇੜਿਆ ਜਾਵੇ। ਪੋਥੀ ਦੇ ਸੰਪਾਦਨ ਵਿਚ ਈਮਾਨਦਾਰੀ ਦੀ ਇਹ ਹੱਦ ਹੈ। ਪਾਠ-ਭੇਦ ਫ਼ੁੱਟ-ਨੋਟਾਂ ਵਿਚ ਦਿੱਤੇ ਤਾਂ ਜੋ ਪਾਠਕ ਨੂੰ ਸ਼ੁੱਧ ਪਾਠ, ਦਾ ਪਤਾ ਲਗ ਜਾਵੇ। ਉਦਾਹਰਣ ਵਜੋਂ, ਰੁਤ 2 ਅੰਸੂ 23 ਦੇ ਅੰਕ 29 ਉੱਤੇ ਮੂਲ ਪਾਠ ਹੈ : "ਚੇਲਨ ਕੋ ਜੋ ਵਾਕ ਨ ਜੋਵਾ"। ਸਾਰੇ ਉਤਾਰਿਆਂ ਵਿਚ ਇਹੀ ਪਾਠ ਮਿਲਿਆ। ਸੰਪਾਦਕ ਨੇ ਪਰਵਾਨ ਕੀਤੇ ਪਾਠ ਵਿਚ ਪੋਥੀ ਵਾਲਾ ਇਹ ਪਾਠ ਹੀ ਰਹਿਣ ਦਿੱਤਾ ; ਪਰ ਹੇਠਾਂ, ਫ਼ੁਟ-ਨੋਟ ਵਿਚ, ਇਸ ਦਾ ਸ਼ੁੱਧ ਪਾਠ, "ਚੇਲਨ ਕੋ ਜੋਵਾ ਕਿ ਨਾ ਜੋਵਾ" ਦੇ ਦਿੱਤਾ, ਇਹ ਗੱਲ ਪਾਠਕ ਦੀ ਮਰਜ਼ੀ ਤੇ ਛੱਡ ਦਿੱਤੀ ਹੈ ਕਿ ਉਹ ਸ਼ੁੱਧ ਪਾਠ ਨੂੰ ਅਪਣਾਏ ਜਾਂ ਅਸ਼ੁੱਧ ਨੂੰ।

ਇਹੀ ਵਿਹਾਰ ਭਾਈ ਸਾਹਿਬ ਨੇ ਸੰਸਕ੍ਰਿਤ ਸ਼ਲੋਕਾਂ ਤੇ ਫ਼ਾਰਸੀ ਸ਼ਬਦਾਂ ਨਾਲ ਕੀਤਾ ਹੈ। ਆਧਾਰ ਵਾਲੀ ਪੋਥੀ ਦੇ ਪਾਠਾਂ ਨੂੰ ਬਹੁਤੀ ਥਾਈਂ ਓਵੇਂ-ਜਿਵੇਂ ਰਹਿਣ ਦਿੱਤਾ ਹੈ ਪਰ ਉਨ੍ਹਾਂ ਦੇ ਸ਼ੁੱਧ ਪਾਠ ਹੇਠਾਂ ਫ਼ੁਟ-ਨੋਟਾਂ ਵਿਚ ਦੇ ਦਿੱਤੇ ਹਨ। ਜਤਨ ਮੂਲ ਪਾਠ ਵਿਚ ਘਟ ਤੋਂ ਘਟ ਦਖ਼ਲ ਦੇਣ ਦਾ ਰਿਹਾ ਹੈ।

ਪੁਰਾਤਨ ਹੱਥ-ਲਿਖਤਾਂ ਵਿਚ ਪਦ-ਛੇਦਣ ਦੀ ਸਮੱਸਿਆ ਬੜੀ ਜਟਿਲ ਹੁੰਦੀ ਹੈ। ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ ਦੀ ਹਾਲਤ ਵਿਚ ਇਹ ਹੋਰ ਵੀ ਔਖੀ ਸੀ ਕਿਉਂਕਿ ਭਾਈ ਸੰਤੋਖ ਸਿੰਘ ਦੀ ਲਿਖਤ ਸੰਸਕ੍ਰਿਤ ਨਾਲ ਲੱਦੀ ਬ੍ਰਜ ਭਾਸ਼ਾ ਹੈ, ਪਰ ਭਾਈ ਵੀਰ ਸਿੰਘ ਇਸ ਪਰੀਖਿਆ ਵਿਚ ਬੜੇ ਸਫਲ ਨਿਕਲੇ ਹਨ। ਉਨ੍ਹਾਂ ਨੇ ਭਾਈ ਸੰਤੋਖ ਸਿੰਘ ਦੀ ਰਚਨਾ ਦਾ ਮੂਲ ਬੜੀ ਸ਼ੁੱਧਤਾ ਨਾਲ ਪੜ੍ਹਿਆ ਹੈ। ਇਸ ਕੰਮ ਵਿਚ ਗੁਰਬਾਣੀ, ਸਿੱਖ ਇਤਿਹਾਸ ਤੇ ਵੇਦ-ਪੁਰਾਣ ਦੇ ਗਿਆਨ ਨੇ ਉਨ੍ਹਾਂ ਦੀ ਬਹੁਤ ਸਹਾਇਤਾ ਕੀਤੀ ਹੈ। ਜੇ ਭਾਈ ਸਾਹਿਬ ਦੀਆਂ ਰਚਨਾਵਾਂ ਉੱਪਰ ਭਾਈ ਵੀਰ ਸਿੰਘ ਦੀ ਥਾਂ ਕੋਈ ਹੋਰ ਕੰਮ ਕਰਨ ਵਾਲਾ ਹੁੰਦਾ ਤਾਂ ਸ਼ਾਇਦ ਇਹ ਕੰਮ ਵਿੱਚੇ ਛੱਡ ਜਾਂਦਾ। ਭਾਈ ਵੀਰ ਸਿੰਘ ਨੇ ਇਸ ਪਾਸੇ ਸਚਮੁੱਖ ਬਹੁਤ ਨਿੱਗਰ ਕੰਮ ਕੀਤਾ ਹੈ।

ਪਾਠ-ਨਿਰਧਾਰਿਤ ਕਰਨ ਵੇਲੇ ਸ਼ਬਦ-ਜੋੜ ਵੀ ਬੜੀ ਸਮੱਸਿਆ ਪੈਦਾ ਕਰਦੇ ਹਨ। ਆਮ ਤੌਰ ਉੱਤੇ ਪੁਰਤਾਨ ਹੱਥ-ਲਿਖਤਾਂ ਵਿਚ ਕਈ ਤਰ੍ਹਾਂ ਦੇ ਸ਼ਬਦ-ਜੋੜ ਨਾਲੋ-ਨਾਲ ਚੱਲਦੇ ਦੇਖੇ ਜਾਂਦੇ ਹਨ। ਇਹ ਫ਼ਰਕ ਉਤਾਰਾ ਕਰਨ ਵਾਲਿਆਂ ਪਾਏ ਹੁੰਦੇ ਹਨ। ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ ਵਿਚ ਵੀ ਇਹ ਸਮੱਸਿਆ ਉੱਠੀ। ਉਦਾਹਰਣ ਵਜੋਂ, ਕਿਸੇ ਪੋਥੀ ਵਿਚ ਸ਼ਬਦ-ਜੋੜ 'ਸਭ' ਮਿਲਿਆ, ਕਿਸੇ ਵਿਚ 'ਸਬ' ਤੇ ਹੋਰ ਕਿਸੇ ਵਿਚ 'ਸਭਿ'। ਸਿਆਣੇ ਸੰਪਾਦਕ ਨੇ ਸ਼ਬਦ-ਜੋੜਾਂ ਦੇ ਇਨ੍ਹਾਂ ਭੇਦਾਂ ਨੂੰ ਪਾਠ-ਨਿਰਧਾਰਣ ਦਾ ਵਿਸ਼ਾ ਨਹੀਂ ਬਣਾਇਆ। ਪਾਠ-ਭੇਦ ਦੇਣ ਦੀ ਠੀਕ ਵਿਧੀ ਇਹੀ ਹੈ ਕਿ ਕੇਵਲ ਉਹੀ ਪਾਠ-ਭੇਦ ਦਿੱਤੇ ਜਾਣ, ਜਿਨ੍ਹਾਂ ਨਾਲ ਅਰਥਾਂ ਦਾ ਫ਼ਰਕ ਪੈਂਦਾ ਹੈ ਜਾਂ ਕੋਈ ਅਸਲੋਂ ਭਿੰਨ ਸ਼ਬਦ ਉਨ੍ਹਾਂ ਅਰਥਾਂ ਲਈ ਵਰਤਿਆ ਹੋਇਆ ਮਿਲਦਾ ਹੈ। ਸੰਪਾਦਕ ਨੇ ਅਜੇਹੇ ਸ਼ਬਦਾਂ ਦੀ ਸੂਚੀ ਆਪਣੀ 'ਪ੍ਰਸਤਾਵਨਾ' ਵਾਲੀ ਪੋਥੀ ਵਿਚ ਪੂਰੀ ਸਾਵਧਾਨੀ ਨਾਲ ਦਿੱਤੀ ਹੈ[5]।

ਬਿਸਰਾਮ ਚਿੰਨ੍ਹਾਂ ਦੀ ਵਰਤੋਂ :

ਪੁਰਾਤਨ ਹੱਥ-ਲਿਖਤਾਂ ਦੇ ਪਾਠ ਨੂੰ ਸੁਗਮ ਬਣਾਉਣ ਲਈ ਬਿਸਰਾਮ-ਚਿੰਨਾਂ ਦੀ ਵਰਤੋਂ ਬਹੁਤ ਜ਼ਰੂਰੀ ਹੈ। ਡਾ. ਰਤਨ ਸਿੰਘ ਜੱਗੀ ਪੁਰਾਤਨ ਹੱਥ-ਲਿਖਤਾਂ ਦੇ ਸੰਪਾਦਨ ਵਿਚ ਬਿਸਰਾਮ ਚਿੰਨ੍ਹਾਂ ਦੀ ਵਰਤੋਂ ਬਾਰੇ

5. ਦੇਖੋ, ਪੰਨੇ 254-56.

ਬੜੇ ਸਪਸ਼ਟ ਹਨ। ਆਪ ਲਿਖਦੇ ਹਨ ਕਿ "ਸੰਪਾਦਨ ਫ਼ੋਟੋਸਟੈਟ ਪ੍ਰਸਤੁਤ ਕਰਨਾ ਨਹੀਂ, ਸਗੋਂ ਆਧੁਨਿਕ ਸੁਵਿਧਾਵਾਂ ਦੀ ਵਰਤੋਂ ਨਾਲ ਪੁਰਾਤਨ ਪਾਠ ਨੂੰ ਸਰਲ ਢੰਗ ਨਾਲ ਪੜ੍ਹਨਯੋਗ ਬਣਾਉਣਾ ਹੈ"[6]। ਡਾ. ਭਾਈ ਵੀਰ ਸਿੰਘ ਨੇ ਇਸੇ ਵਿਧੀ ਨੂੰ ਅਪਣਾਇਆ ਹੈ। ਆਪ ਨੇ ਸਿਵਾਇ ਡੰਡੀ (ਫ਼ੁਲ-ਸਟਾਪ) ਦੇ ਹੋਰ ਸਭ ਬਿਸਰਾਮ ਚਿੰਨ੍ਹ ਅੰਗ੍ਰੇਜ਼ੀ ਤੋਂ ਲੈ ਕੇ ਖੁੱਲ੍ਹ-ਡੁੱਲ੍ਹੇ ਰੂਪ ਵਿਚ ਵਰਤੇ ਹਨ। ਉਨ੍ਹਾਂ ਕੌਮਾ (,), ਸੈਮੀਕੋਲਨ (;), ਕੋਲਨ (:), ਪ੍ਰਸ਼ਨ ਚਿੰਨ (?), ਸੰਬੋਧਨ ਜਾਂ ਵਿਸਮੈ ਦੇ ਚਿੰਨ੍ਹ (!), ਪੁੱਠੇ ਕਾਮੇ ("/"), ਇਕਹਿਰੇ ('/') ਤੇ ਦੂਹਰੇ ("/") ਸਾਰੇ ਹੀ ਬੜੇ ਸੁਚੱਜ ਨਾਲ ਵਰਤੇ ਹਨ, ਜਿਸ ਕਾਰਣ ਪਾਠ ਪੜ੍ਹਨਾ ਬੜਾ ਸੌਖਾ ਹੋ ਗਿਆ ਹੈ। ਇਨ੍ਹਾਂ ਦੀ ਵਰਤੋਂ ਤੋਂ ਬਿਨਾਂ ਪਾਠ ਦੀਆਂ ਅਨੇਕ ਗੁੰਝਲਾ ਹੱਲ ਨਹੀਂ ਸਨ ਹੋ ਸਕਣੀਆ।

ਭੁੱਲਾਂ ਦੀ ਸੁਧਾਈ : ਪਾਠ-ਨਿਰਧਾਰਿਤ ਕਰਨ ਤੋਂ ਛੁੱਟ ਭਾਈ ਵੀਰ ਸਿੰਘ ਨੇ ਭਾਈ ਸੰਤੋਖ ਸਿੰਘ ਦੇ ਗ੍ਰੰਥਾਂ ਵਿਚ ਪਈਆਂ ਅਨੇਕ ਗ਼ਲਤੀਆਂ ਦੀ ਸੁਧਾਈ ਕੀਤੀ ਹੈ। ਭੁੱਲਾਂ ਦੋ ਤਰ੍ਹਾਂ ਦੀਆਂ ਹਨ : ਇਕ ਇਤਿਹਾਸਿਕ, ਦੂਜੀਆਂ ਦਾਰਸ਼ਨਿਕ ਜਾਂ ਗੁਰਮਤਿ ਫ਼ਲਾਸਫ਼ੀ ਸੰਬੰਧੀ। ਭਾਈ ਸਾਹਿਬ ਦੀ ਵਿਦਵਤਾ ਇਨ੍ਹਾਂ ਦੋਹਾਂ ਖੇਤਰਾਂ ਵਿੱਚੋਂ ਬਹੁਤ ਉੱਘੜੀ ਹੈ।

ਇਤਿਹਾਸਿਕ ਖੇਤਰ ਦੀਆਂ ਭੁੱਲਾਂ ਵਿਚ ਕਈ ਬੱਜਰ ਭੁੱਲਾਂ ਹਨ ਤੇ ਕਈ ਨਿਗੁਣੀਆਂ। ਪਰ ਸੁਚੱਜੇ ਸੰਪਾਦਕ ਨੇ ਕੋਈ ਵੀ ਭੁੱਲ ਟਿੱਪਣੀ ਤੋਂ ਬਿਨਾਂ ਨਹੀਂ ਜਾਣ ਦਿੱਤੀ। ਇਤਿਹਾਸਿਕ ਭੁੱਲਾਂ ਹੋਰਨਾਂ ਗ੍ਰੰਥਾਂ ਦੇ ਹਵਾਲਿਆਂ ਨਾਲ ਸੋਧੀਆਂ ਗਈਆਂ ਹਨ ਤੇ ਦਲੀਲਾਂ ਰਾਹੀਂ ਵੀ। ਉਨ੍ਹਾਂ ਵੱਲੋਂ ਵਰਤੇ ਗਏ ਸਹਾਇਕ ਗ੍ਰੰਥਾਂ ਦੀ ਸੂਚੀ ਲੰਮੀ ਹੈ। ਉਨ੍ਹਾਂ ਬਾਰੇ ਕੁੱਝ ਸੰਕੇਤ ਮੈਂ ਪਿੱਛੇ, ਇਤਿਹਾਸਿਕ ਮਹੱਤਾ ਵਾਲੇ ਹਿੱਸੇ ਵਿਚ ਦੇ ਆਈ ਹਾਂ[7]। ਇੱਥੇ ਕੇਵਲ ਇਹ ਦੱਸਣ ਦੀ ਲੋੜ ਹੈ ਕਿ ਭਾਈ ਵੀਰ ਸਿੰਘ ਨੇ ਇਨ੍ਹਾਂ ਭੁੱਲਾਂ ਨੂੰ ਖੋਲ੍ਹਣ ਲਈ ਜੋ ਗ੍ਰੰਥ ਵਰਤੇ ਹਨ, ਉਨ੍ਹਾਂ ਵਿਚ ਮਿਲਦੀ ਸੂਚਨਾ ਅਤੇ ਉਨ੍ਹਾਂ ਦੀ ਇਤਿਹਾਸਿਕ ਮਹੱਤਾ ਬਾਰੇ ਉਨ੍ਹਾਂ ਨੇ ਪੂਰਾ ਪੂਰਾ ਚਾਨਣਾ ਪਾਇਆ ਹੈ। ਹਰੇਕ ਪੁਸਤਕ ਸੰਬੰਧੀ ਦਿੱਤੀ ਗਈ ਟਿੱਪਣੀ ਆਪਣੇ ਆਪ ਵਿਚ ਬੜੀ ਮਹੱਤਾ-ਭਰੀ ਹੈ। ਉਦਾਹਰਣ ਵਜੋਂ, *ਸੌ ਸਾਖੀ* ਦੇ ਪ੍ਰਸੰਗਾਂ, ਉਸ ਵਿਚ ਪਏ ਰਲਿਆਂ, ਰਲੇ ਪਾਉਣ ਵਾਲਿਆਂ ਦੇ ਨਾਂ-ਪਤੇ ਤੇ ਨੀਅਤ ਸੰਬੰਧੀ ਸੰਪਾਦਕ ਨੇ ਬੜੀ ਲੋੜਵੰਦੀ ਜਾਣਕਾਰੀ ਦਿੱਤੀ ਹੈ[8]। ਇਹ ਏਨੀਆਂ ਕੀਮਤੀ ਸੂਚਨਾਵਾਂ ਹਨ ਕਿ *ਸੌ ਸਾਖੀ* ਦਾ ਕੋਈ ਵੀ ਖੋਜਕਾਰ ਇਨ੍ਹਾਂ ਤੋਂ ਲਾਭ ਉਠਾਏ ਬਗ਼ੈਰ ਨਹੀਂ ਰਹਿ ਸਕਦਾ।

ਇਤਿਹਾਸਕ ਭੁੱਲਾਂ ਦੀ ਸੁਧਾਈ ਦੀ ਵੰਨਗੀ ਦੇਖਣੀ ਹੋਵੇ ਤਾਂ ਬਾਬਾ ਬੰਦਾ ਬਹਾਦਰ ਵਾਲਾ ਪ੍ਰਕਰਣ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਮਾਤਾ ਕੌਲਾਂ ਦੇ ਪ੍ਰਸੰਗ, ਦਸਮ ਗੁਰੂ ਜੀ ਉੱਤੇ ਕਟਾਰ ਦਾ ਹਮਲਾ, ਦੇਵੀ-ਪੂਜਣ ਪੜਤਾਲ, ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚੌਥੇ ਵਿਆਹ, ਆਦਿ ਵਿੱਚੋਂ ਕੋਈ ਵੀ ਪ੍ਰਸੰਗ ਦੇਖਿਆ ਜਾ ਸਕਦਾ ਹੈ। ਇਕੱਲੀ ਦੇਵੀ-ਪੂਜਣ ਪੜਤਾਲ ਹੀ ਸੱਠ ਵੱਡੇ ਪੰਨਿਆਂ ਉੱਤੇ ਫੈਲੀ ਹੋਈ ਹੈ। ਸਿੱਖ ਇਤਿਹਾਸ ਦੇ ਪਾਠਕਾਂ ਤੇ ਖੋਜਕਾਰਾਂ ਲਈ ਇਹ ਬੜਾ ਕੀਮਤੀ ਸਰਮਾਇਆ ਹੈ।

ਬੜੀ ਮਿਹਨਤ ਨਾਲ ਕੀਤੀ ਖੋਜ ਦੇ ਬਾਵਜੂਦ ਕਈ ਥਾਵਾਂ ਉੱਪਰ ਇਹ ਪ੍ਰਭਾਵ ਪੈਣੋਂ ਨਹੀਂ ਰਹਿੰਦਾ ਕਿ ਸੰਪਾਦਕ ਜੀ ਕਈ ਅਣਹੋਣੀਆਂ ਗੱਲਾਂ ਨੂੰ ਨਵੀਂ ਵਿਆਖਿਆ ਦੇ ਕੇ ਮਨਾਉਣ ਦਾ ਜਤਨ ਕਰ ਰਹੇ ਹਨ। ਮਿਸਾਲ ਵਜੋਂ ਵੇਖੋ ਪੰਜਵੀਂ ਰੁਤ ਵਾਲਾ ਹਿੱਸਾ। ਇਸ ਵਿਚ *ਸੌ ਸਾਖੀ* ਤੋਂ ਆਏ ਹਰੇਕ ਬਣਦੇ ਤੇ ਨਾ-ਬਣਦੇ ਪ੍ਰਸੰਗ ਲਈ ਕੋਈ ਨ ਕੋਈ ਵਿਆਖਿਆ ਦੇਣ ਦਾ ਜਤਨ ਕੀਤਾ ਗਿਆ ਹੈ। ਚੰਗਾ ਹੁੰਦਾ ਜੇ ਭਾਈ ਸਾਹਿਬ ਸਾਫ਼ ਕਹਿ ਦੇਂਦੇ ਕਿ ਫ਼ਲਾਣੀ ਸਾਖੀ ਮਨ-ਘੜਤ ਪ੍ਰਤੀਤ ਹੁੰਦੀ ਹੈ।

ਗੁਰਮਤਿ ਦੇ ਮੰਡਲ ਵਿਚ ਭਾਈ ਵੀਰ ਸਿੰਘ ਦੀ ਪ੍ਰਤਿਭਾ ਨੂੰ ਕੋਈ ਨਹੀਂ ਪਹੁੰਚਦਾ। ਇਹ ਉਨ੍ਹਾਂ ਦਾ ਵਿਸ਼ੇਸ਼ ਖੇਤਰ ਹੈ। ਆਪ ਨੂੰ ਗੁਰਮਤਿ ਦੀ ਸੋਝੀ ਹੈ, ਵੇਦਾਂਤ ਦਾ ਚਾਨਣ ਹੈ ਤੇ ਹੋਰਨਾਂ ਮਤਾਂ ਦੀਆਂ ਸਿੱਧਾਂਤਿਕ ਗੱਲਾਂ ਦਾ ਪਤਾ ਹੈ। ਇਸ ਲਈ ਭਾਈ ਸੰਤੋਖ ਸਿੰਘ ਦੇ ਗ੍ਰੰਥਾਂ ਵਿਚ ਜਿੱਥੇ ਕੋਈ ਉਕਾਈ ਹੋਈ ਹੈ, ਉੱਥੇ ਹੀ ਆਪ ਨੇ ਉਨ੍ਹਾਂ ਉੱਪਰ ਚਰਚਾ ਕਰ ਕੇ ਠੀਕ ਗੱਲ ਲਿਖ ਦਿੱਤੀ ਹੈ। ਬਹੁਤ ਝਗੜਾ ਕਵੀ ਜੀ ਦੀ ਇਸ਼ਟਪੱਤੀ ਸੰਬੰਧੀ ਰਿਹਾ ਹੈ। ਕਵੀ ਜੀ ਨੇ ਪਰੰਪਰਾ ਦਾ ਅੰਗ ਪਾਲਦਿਆਂ ਗੁਰੂ ਸਾਹਿਬਾਂ ਦੇ ਨਾਲ ਸ਼ਾਰਦਾ, ਸਰਸ੍ਵਤੀ,

6. "ਪੁਰਾਤਨ ਹੱਥ-ਲਿਖਤਾਂ ਦੀ ਖੋਜ ਅਤੇ ਸੰਪਾਦਨ", *ਖੋਜ ਦਰਪਣ*, ਜਿਲਦ 2, ਅੰਕ ੧(ਜਨਵਰੀ 1975).
7. ਦੇਖੋ, ਪਿੱਛੇ ਪੰਨਾ 25.
8. ਦੇਖੋ, *ਸੂਰਜ ਗ੍ਰੰਥਾਂ* (ਪ੍ਰਸਤਾਵਨਾ), ਪੰਨੇ 18-20.

ਚੰਡਿਕਾ, ਆਦਿ ਦੀ ਉਸਤਤੀ ਵੀ ਕੀਤੀ ਹੈ, ਜਿੱਥੋਂ ਕਈਆਂ ਨੂੰ ਇਹ ਭੁਲੇਖਾ ਪੈਂਦਾ ਹੈ ਕਿ ਕਵੀ ਜੀ ਦੇਵੀ-ਪੂਜਣ ਦੇ ਸਮਰਥਕ ਸਨ। ਅਜੇਹੇ ਮੌਕਿਆਂ ਉੱਤੇ ਕਵੀ ਨੇ ਸ਼ਬਦ ਵੀ ਬੜੇ ਸ਼ਕਤੀਸ਼ਾਲੀ ਵਰਤੇ ਹਨ। ਇਸ ਲਈ ਭੁਲੇਖਾ ਪੈਣਾ ਸੁਭਾਵਿਕ ਸੀ। ਇਸ ਭੁਲੇਖੇ ਦੀ ਨਿਵਿਰਤੀ ਸੰਪਾਦਕ ਨੇ ਕਵੀ ਦੇ ਆਪਣੇ ਕਥਨਾਂ ਵਿੱਚੋਂ ਹਵਾਲੇ ਦੇ ਦੇ ਕੇ ਕੀਤੀ ਹੈ। ਆਪ ਨੇ ਸਿੱਧ ਕੀਤਾ ਹੈ ਕਿ ਕਵੀ ਸਿੱਖੀ ਵਿਚ ਗੂੜ੍ਹ ਤੇ ਗੁਰਮਤਿ ਦੇ ਮੰਨਣ ਵਾਲਾ ਸੀ। ਇਨ੍ਹਾਂ ਤੋਂ ਛੁੱਟ ਵੇਦਾਂਤ, ਯੋਗ, ਆਦਿ ਵਿਸ਼ਿਆਂ ਨਾਲ ਸੰਬੰਧਿਤ ਹੋਰਨਾਂ ਗੱਲਾਂ ਦਾ ਵੀ ਆਪ ਨੇ ਸਮਾਧਾਨ ਕੀਤਾ ਹੈ। ਇਹ ਦਾਰਸ਼ਨਿਕ ਚਰਚਾਵਾਂ ਸੰਪਾਦਕ ਜੀ ਦੇ ਅਗਾਹ ਗਿਆਨ ਤੇ ਮਿਹਨਤ ਦਾ ਪਤਾ ਦੇਂਦੀਆਂ ਹਨ।

ਕਵੀ-ਜੀਵਨ ਬਾਰੇ ਜਾਣਕਾਰੀ : ਪੁਰਾਤਨ ਸਾਹਿੱਤ ਦੇ ਸੰਪਾਦਕ ਪਾਸੋਂ ਆਸ ਕੀਤੀ ਜਾਂਦੀ ਹੈ ਕਿ ਉਹ ਲੇਖਕ ਦੀ ਰਚਨਾ ਤੋਂ ਛੁੱਟ ਉਸ ਦੇ ਜੀਵਨ ਬਾਰੇ ਵੀ ਜਾਣਕਾਰੀ ਦੇਵੇ। ਭਾਈ ਵੀਰ ਸਿੰਘ ਨੇ ਇਸ ਪਾਸੇ ਜੋ ਵੀ ਖੋਜ ਹੋ ਸਕਦੀ ਸੀ, ਬੜੀ ਮਿਹਨਤ ਨਾਲ ਸਿਰੇ ਚਾੜ੍ਹੀ ਹੈ। ਇਸ ਮਤਲਬ ਲਈ ਆਪ ਦੀ ਖੋਜ ਨੇ ਭਾਈ ਸਾਹਿਬ ਨੂੰ ਉਨ੍ਹਾਂ ਦੇ ਜਨਮ-ਅਸਥਾਨ, ਕੈਥਲ ਵਾਲੇ ਘਰ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਤੱਕ ਪਹੁੰਚਾਇਆ ਅਤੇ ਰਿਆਸਤ ਕੈਥਲ ਦਾ ਇਤਿਹਾਸ ਵੀ ਫਰੋਲਿਆ ਗਿਆ। ਇਹ ਸਭ ਸਾਮਗ੍ਰੀ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ* ਦੀ ਪਹਿਲੀ ਪੋਥੀ (ਪ੍ਰਸਤਾਵਨਾ) ਵਿਚ ਦਰਜ ਹੈ ਤੇ ਸੰਪਾਦਕ ਦੀ ਮਿਹਨਤ ਤੇ ਖੋਜ-ਬਿਰਤੀ ਦਾ ਪਤਾ ਦੇਂਦੀ ਹੈ। ਭਾਈ ਵੀਰ ਸਿੰਘ ਦਾ ਇਸ ਪਾਸੇ ਕੀਤਾ ਕੰਮ ਇੰਨਾ ਪੂਰਨ ਹੈ ਕਿ ਭਾਈ ਸੰਤੋਖ ਸਿੰਘ ਉੱਤੇ ਕੰਮ ਕਰਨ ਵਾਲੇ ਕਿਸੇ ਹੋਰ ਵਿਅਕਤੀ ਪਾਸੋਂ ਉਨ੍ਹਾਂ ਦੀ ਖੋਜ ਵਿਚ ਵਾਧਾ ਹੋਣਾ ਕਾਫ਼ੀ ਔਖਾ ਲਗਦਾ ਹੈ।

ਭਾਈ ਵੀਰ ਸਿੰਘ ਨੇ ਕਵੀ ਬਾਰੇ ਬਹੁ-ਪੱਖੀ ਖੋਜ ਕੀਤੀ ਹੈ। ਉਨ੍ਹਾਂ ਕਵੀ ਦੇ ਜੀਵਨ ਉੱਤੇ ਚਾਨਣਾ ਪਾਇਆ ਹੈ, ਉਨ੍ਹਾਂ ਕਵੀ ਦੀ ਇਤਿਹਾਸਿਕ ਦੇਣ ਬਾਰੇ ਲਿਖਿਆ ਹੈ ਤੇ ਵਿਚਾਰਾਂ ਬਾਰੇ ਵੀ ਚਰਚਾ ਕੀਤੀ ਹੈ। ਇਸ ਤੋਂ ਛੁੱਟ ਉਨ੍ਹਾਂ ਨੇ ਭਾਈ ਸੰਤੋਖ ਸਿੰਘ ਦੀ ਕਾਵਿ-ਕਲਾ ਦੇ ਕੁੱਝ ਹੋਰ ਪੱਖਾਂ ਉੱਤੇ ਵੀ ਬੜੇ ਕੰਮ ਦੀ ਰੋਸ਼ਨੀ ਪਾਈ ਹੈ, ਜਿਵੇਂ ਭਾਈ ਸਾਹਿਬ ਦੀ ਭਾਸ਼ਾ, ਅਲੰਕਾਰਾਂ, ਰਸਾਂ, ਆਦਿ ਬਾਰੇ ਵਿਸਤਾਰ ਨਾਲ ਦੱਸਿਆ ਹੈ। ਇਹ ਉਹ ਪੱਖ ਹਨ ਜਿਨ੍ਹਾਂ ਉੱਤੇ ਹਰੇਕ ਸੂਝਵਾਨ ਸੰਪਾਦਕ ਪਾਸੋਂ ਕੁੱਝ ਕਹਿਣ ਦੀ ਆਸ ਕੀਤੀ ਜਾਂਦੀ ਹੈ। ਲੇਖਕ ਦੀ ਕਲਾ ਦਾ ਮੁੱਲ ਪਾਉਣ ਲਈ ਇਸ ਸਭ ਕੁੱਝ ਨੂੰ ਜਾਣਨਾ ਜ਼ਰੂਰੀ ਹੁੰਦਾ ਹੈ। ਭਾਈ ਵੀਰ ਸਿੰਘ ਨੇ ਵੀ ਇਨ੍ਹਾਂ ਪੱਖਾਂ ਉੱਤੇ ਚਾਨਣਾ ਪਾਇਆ ਹੈ। ਉਨ੍ਹਾਂ ਵੱਲੋਂ ਕੀਤੀ ਖੋਜ ਉਨ੍ਹਾਂ ਦੀ ਲਿਖੀ 'ਪ੍ਰਸਤਾਵਨਾ' ਦੇ ਚੌਥੇ ਅਧਿਆਇ ਵਿਚ ਅੰਕਿਤ ਹੈ। ਸੱਚੀ ਗੱਲ ਇਹ ਹੈ ਕਿ ਮੇਰਾ ਜਾਂ ਕਿਸੇ ਵੀ ਹੋਰ ਖੋਜਕਾਰ ਦਾ ਕੰਮ ਭਾਈ ਸਾਹਿਬ ਦੇ ਕੰਮ ਨੇ ਹੀ ਸੌਖਾ ਬਣਾਇਆ ਹੈ।

ਸਮੁੱਚੇ ਤੌਰ ਉੱਤੇ ਕਿਹਾ ਜਾ ਸਕਦਾ ਹੈ ਕਿ ਭਾਈ ਵੀਰ ਸਿੰਘ ਦਾ *ਸੂਰਜ ਗ੍ਰੰਥਾਵਲੀ* ਦੇ ਸੰਪਾਦਨ ਵਾਲਾ ਕੰਮ ਬੜਾ ਸੰਤੋਖ-ਜਨਕ ਹੈ ਤੇ ਆਉਣ ਵਾਲੇ ਖੋਜਕਾਰਾਂ ਨੂੰ ਬੜੀ ਨਰੋਈ ਸੇਧ ਦੇਂਦਾ ਹੈ। ਕੁੱਝ ਸਮਾਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ, ਸਿੰਘ ਸਾਹਿਬ ਗਿ. ਕ੍ਰਿਪਾਲ ਸਿੰਘ ਨੇ ਗਿਆਨੀ ਗਿਆਨ ਸਿੰਘ ਰਚਿਤ *ਸ੍ਰੀ ਗੁਰੂ ਪੰਥ ਪ੍ਰਕਾਸ਼* ਦਾ ਸੰਪਾਦਨ ਛੇ ਸੈਂਚੀਆਂ ਵਿਚ ਕੀਤਾ ਹੈ। ਉਨ੍ਹਾਂ ਨੇ ਵੀ ਆਪਣੇ ਕੰਮ ਦਾ ਮਾਡਲ ਭਾਈ ਵੀਰ ਸਿੰਘ ਦੀ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ* ਨੂੰ ਹੀ ਰੱਖਿਆ ਹੈ। ਉਸੇ ਤਰ੍ਹਾਂ ਪਰਿਆਇ ਲਾਏ ਹਨ; ਉਸੇ ਤਰ੍ਹਾਂ ਫੁਟ-ਨੋਟ ਤੇ ਭੁੱਲਾਂ ਦੇ ਹੱਲ ਲਈ ਟਿੱਪਣੀਆਂ ਦਿੱਤੀਆਂ ਹਨ; ਭਾਈ ਵੀਰ ਸਿੰਘ ਵਾਂਗ ਹੀ ਪਹਿਲੀ ਪੋਥੀ ਨੂੰ ਖੋਜ ਬਾਰੇ ਵਿਚਾਰ ਪ੍ਰਗਟਾਉਣ ਲਈ ਵਰਤਿਆ ਹੈ ਤੇ ਇਸ ਦਾ ਸਿਰਲੇਖ ਵੀ "ਪ੍ਰਸਤਾਵਨਾ" ਹੀ ਰੱਖਿਆ ਹੈ[9]। ਮੈਂ ਸਮਝਦੀ ਹਾਂ ਕਿ ਇਹ ਕੁੱਝ ਕਰਨਾ ਭਾਈ ਸਾਹਿਬ ਦੀ ਸੰਪਾਦਨ-ਕਲਾ ਨੂੰ ਸਿਰ ਨਿਵਾਉਣ ਦੇ ਬਰਾਬਰ ਹੈ।

---

9. ਕਿਰਪਾਲ ਸਿੰਘ, ਸਿੰਘ ਸਾਹਿਬ ਗਿਆਨੀ, *ਸ੍ਰੀ ਗੁਰੂ ਗੰਥ ਪ੍ਰਕਾਸ਼ ਦੀ ਪ੍ਰਸਤਾਵਨਾ*, ਪ੍ਰਕਾਸ਼ਕ : ਮਨਮੋਹਨ ਸਿੰਘ ਬਰਾੜ, ਅੰਮ੍ਰਿਤਸਰ, 1977 ਈ.

ਦੂਜਾ ਭਾਗ

ਭਾਈ ਸੰਤੋਖ ਸਿੰਘ ਰਚਿਤ
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ
ਸੰਬੰਧ-ਸੂਚਕ ਤਤਕਰਾ

ੳ

ਅ

੦

ੲ

ਸ

O

ਹ

ਗ

ਘ

ਚ

ਛ

ਜ

ਝ

ਟ

ਠ

ਡ

ਢ

ਤ

ਥ

ਦ

ਧ

ਨ

ਪ

ਫ

ਬ

63, 66, 69, 71, 81, 82, 86, 91, 99), 4.11(08, 13, 17, 25, 33, 39, ਪ੍ਰਲੋਕ ਗਮਨ : 45-51); 5.13(44, 45); 8.30(90, 91); 8.31(09); 10.43(20, 21); 12.51(76).

ਬਾਲਾ ਝਿੰਗਣ (ਸਿੱਖ, ਗੁਰੂ ਅਰਜਨ ਦਾ), 6.18(06), 6.21(53, 67).

ਬਾਲਾ ਰਾਇ (ਮਰਹੱਟਾ), 14.63(ਪ੍ਰਸੰਗ : 42-47).

ਬਾਲੀ (ਸੁਗ੍ਰੀਵ ਦਾ ਭਰਾਤਾ), 4.9(20/ਫ, 30/ਫ), 4.10(22/ਫ); 5.13(03. 04); 6.19(75, 82); 10.39(16); 12.53(07).

ਬਾਲੂ (ਸਿੱਖ), 3.5(23).

ਬਾਲੂ (ਬਿੱਜ), 6.21(57).

ਬਾਲੂ ਹਸਨਾ, 5.13(31); 9.33(25^2, 26), 9.35(75ਫ); 14.63(49ਫ).

ਬਾਲੇ ਵਾਲੀ ਜਨਮਸਾਖੀ, 1.(54^2, 55^2), 1.1(39, 78); 2.2(97ਫ^2), 2.3(08ਫ); 3.4(49ਫ^2, 50ਫ), 3.5(83ਫ), 3.6(02ਫ, 15ਫ, 35ਫ, 88ਫ), 3.7(01ਫ, 34ਫ) ; 4.7(91ਫ), 4.8(38ਫ), 4.9(10ਫ^2, 12ਫ, 15ਫ), 4.10(33ਫ, 57ਫ), 4.11(35ਫ, 42ਫ). (ਹੋਰ ਦੇਖੋ ਜਨਮਸਾਖੀ).

ਬਾਵਨ ਰੂਪੀ (ਅਵਤਾਰ), 3.4(44); 5.12(95); 10.41(50), 10.42(73), 10.43(06); 13.57(29/ਫ, 32ਫ); 14.64(05^3, 06).

ਬਾਵਲੀ, ਦੇਖੋ ਬਾਉਲੀ ਸਾਹਿਬ.

ਬਿਆਸ (ਦਰਿਆ), 1.(43^2, 74ਫ); 2.2(97ਫ), 2.3(04/ਫ); 3.4(38/ਫ); 5.13(95^2/ਫ, 98), 5.14(48^2, 49^2/ਫ, 52), 5.15(13, 40^2/ਫ, 41), 5.16(27^2, 28, 70, 81), 5.17(37, 42, 43^2, 51); 6.18(39), 6.20(46, 50, 62); 7.23(16^2, 17/ਫ, 24, 26ਫ, 78ਫ^2), 7.24(24), 7.25(38, 42), 7.27(54, 57/ਫ); 8.28(75, 76, 98, 99^4), 8.29(00^2, 02^2, 03, 10, 12ਫ, 14, 74^4/ਫ, 83, 84, 97), 8.30(79, 85), 8.31(12^3, 80ਫ), 8.32(24), 8.33(06); 9.33 (19, 21, 70), 9.34(ਨਾਂ ਪੈਣ ਦਾ ਕਾਰਣ : 38), 9.35(98), 9.36(01^2, 02, 11, 12), 9.37(75); 10.39(90), 10.40(62, 66, 68, 70), 10.43(14, 37, 49); 11.45(29); 12.48(77, 78), 12.52(18); 14.59(72ਫ), 14.60(22ਫ).

ਬਿਆਸਿ (ਰਿਸ਼ੀ), ਦੇਖੋ ਬਜਾਸ (ਰਿਸ਼ੀ).

ਬਿਸ਼ਹਰ/ਬਿਸ਼ਹਿਰ (ਦੇਸ਼), 3.5(76ਫ^2); 12.52(52, 57); 13.57(65). (ਹੋਰ ਦੇਖੋ ਰਾਮਪੁਰ ਬੁਸ਼ਾਇਰ).

ਬਿਸ਼ਕਰਮਾ/ਬਿਸ਼ੁਕਰਮਾ, ਦੇਖੋ ਵਿਸ਼ੁਕਰਮਾ.

ਬਿਸ਼ਨ ਸਿੰਘ (ਸੁਤ ਰਾਜਾ ਰਾਮ ਸਿੰਘ), 10.42(01ਫ, ਕਾਵਰੂ ਦੇਸ਼ ਤੇ ਚੜ੍ਹਾਈ : 28-31, 34^2, 36^2, 45^2/ਫ, 46, 47, 48, 49^2, 50, 51, 54, 58, 59, 60^2, 62, 64, 66, 72), 10.43(13^2, 14, 16, 18, 19, 20, 21^2, 28); 11.45(76/ਫ).

ਬਿਸ਼ਨ ਸਿੰਘ (ਗਿਆਨੀ), 8.30(31ਫ).

ਬਿਸ਼ਨ ਕੌਰ (ਗੁਰੂ ਤੇਗ ਬਹਾਦਰ ਦੀ ਸੱਸ), 8.30(82); 9.33(27, 32).

ਬਿਸ਼ਨ ਦਾਸ (ਸਿੱਖ), 5.17(12, 13).

ਬਿਸਨ ਪਤੀ (ਸਿੱਧ), 3.6(85).

ਬਿਸ਼ਨ ਪਾਲ (ਦੱਖਣੀ ਬ੍ਰਾਹਮਣ), 12.50(07ਫ^2).

ਬਿਸ਼ਨਪੁਰਿ (ਗ੍ਰਾਮ), 14.63(42ਫ).

ਬਿਸ਼ਨੁ, ਦੇਖੋ ਵਿਸ਼ਨੂ.

ਬਿਸ਼ਨੂ (ਸਿੱਖ), 6.21(69).

ਬਿਸਵਾਮਿਤ੍ਰ, ਦੇਖੋ ਵਿਸ੍ਵਾਮਿੱਤ੍ਰ.

ਬਿਸਾਖਾ ਸਿੰਘ (ਲੇਪਣੀ ਸਿੱਖ ਦਾ ਸੁਤ), 12.51(44).

ਭ

ਰ

ਲ

ਵ

ਪੁਸਤਕ ਸੂਚੀ

(ੳ) **ਹੱਥ-ਲਿਖਤਾਂ**

ਅਨੰਦ ਘਨ, *ਟੀਕਾ ਜਪੁਜੀ*, ਹੱਥ-ਲਿਖਤ ਨੰਬਰ 160, ਪਟਿਆਲਾ : ਨਿਜੀ ਲਾਇਬ੍ਰੇਰੀ, ਪ੍ਰੋ. ਪ੍ਰੀਤਮ ਸਿੰਘ, 2 ਪ੍ਰੀਤ ਨਗਰ, ਲੋਅਰਮਾਲ, ਪਟਿਆਲਾ, 1872ਬਿ./1815 ਈ.

(ਅ) **ਪ੍ਰਕਾਸ਼ਿਤ ਪੰਜਾਬੀ ਪੁਸਤਕਾਂ**

ਅਨੰਦ ਘਨ, *ਗੁਰਬਾਣੀ ਟੀਕੇ* (ਸੰਪਾ. ਰਤਨ ਸਿੰਘ ਜੱਗੀ). ਪਟਿਆਲਾ : ਭਾਸ਼ਾ ਵਿਭਾਗ, ਪੰਜਾਬ, ਮਿਤੀ-ਹੀਨ.

ਇੰਦਰ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ : ਅਰਥਾਤ ਸੰਖੇਪ ਵਾਰਤਕ ਸੂਰਜ ਪ੍ਰਕਾਸ਼.* ਅੰਮ੍ਰਿਤਸਰ : ਭਾਈ ਬੂਟਾ ਸਿੰਘ ਪ੍ਰਤਾਪ ਸਿੰਘ, ਮਿਤੀ-ਹੀਨ.

ਸਾਹਿਬ ਸਿੰਘ, *ਸ੍ਰੀ ਨਾਨਕ ਪ੍ਰਕਾਸ਼ ਦਾ ਸੰਖੇਪ, ਪ੍ਰਯਾਯ ਸਮੇਤ.* ਅੰਮ੍ਰਿਤਸਰ : ਕਾਰੋਨੇਸ਼ਨ ਬੁਕ ਡਿਪੋ, ਮਿਤੀ-ਹੀਨ.

ਸੇਵਾ ਸਿੰਘ, ਕਵੀ, *ਸ਼ਹੀਦ ਬਿਲਾਸ ਭਾਈ ਮਨੀ ਸਿੰਘ* (ਸੰਪਾ. ਗਰਜਾ ਸਿੰਘ, ਗਿਆਨੀ). ਲੁਧਿਆਣਾ : ਪੰਜਾਬੀ ਸਾਹਿਤ ਅਕਾਡਮੀ, 1961.

ਸੰਤ ਸਿੰਘ, (ਟੀਕਾਕਾਰ), *ਸਮਸਤ ਮੰਗਲ ਸਟੀਕ ਸ੍ਰੀ ਗੁਰੂ ਨਾਨਕ ਪ੍ਰਕਾਸ਼.* ਤਰਨ ਤਾਰਨ : ਅਕਾਲ ਟ੍ਰੇਡਿੰਗ ਪ੍ਰੈਸ, ਦੋ ਭਾਗ, 1923–24.

ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ : ਨਾਨਕ ਪ੍ਰਕਾਸ਼ ਤੇ ਸੂਰਜ ਪ੍ਰਕਾਸ਼* (ਸੰਪਾ. ਵੀਰ ਸਿੰਘ). ਅੰਮ੍ਰਿਤਸਰ : ਖ਼ਾਲਸਾ ਸਮਾਚਾਰ, 14 ਜਿਲਦਾਂ, ਚੋਥਾ ਸੰਸਕਰਣ, 1964.

ਹਰਸਾ ਸਿੰਘ, *ਸ੍ਰੀ ਨਾਨਕ ਪ੍ਰਕਾਸ਼ ਗ੍ਰੰਥ*, ਤਰਨ ਤਾਰਨ : ਦੋ ਭਾਗ, 1884.

ਕਰਤਾਰ ਸਿੰਘ ਇੰਜੀਨੀਅਰ, *ਮਹਾ ਕਵੀ ਸੰਤੋਖ ਸਿੰਘ ਜੀ*, ਨੈਰੋਬੀ, ਕੀਨੀਆਂ : ਦੀ ਕੀਨੀਆਂ ਕਸ਼ੱਤਰੀ (ਟਾਂਕ) ਸੋਸਾਇਟੀ, 1973.

ਖਜ਼ਾਨ ਸਿੰਘ, ਗਿਆਨੀ, *ਜੀਵਨ ਕਥਾ, ਚੂੜਾਮਣਿ ਕਵੀ ਸੰਤੋਖ ਸਿੰਘ ਜੀ.* ਨਵੀਂ ਦਿੱਲੀ : ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ, ਮਿਤੀ-ਹੀਨ.

ਗਿਆਨ ਸਿੰਘ, ਗਿਆਨੀ, *ਸ੍ਰੀ ਸੋਢੀ ਚਮਤਕਾਰ* : ਅਰਥਾਤ ਸ੍ਰੀ ਗੁਰੂ ਰਾਮਦਾਸ ਜੀ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਤੱਕ. ਅੰਮ੍ਰਿਤਸਰ : ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਭਾਗ 2, ਮਿਤੀ-ਹੀਨ.

—, *ਸ੍ਰੀ ਗੁਰੂ ਨਾਨਕ ਨਿਰੰਕਾਰੀ ਚਮਤਕਾਰ* : ਸੂਰਜ ਪ੍ਰਤਾਪ ਰਾਸ ਪਹਿਲੀ (ਟੀਕਾ. ਤੇਜਾ ਸਿੰਘ ਸੋਢੀ). ਅੰਮ੍ਰਿਤਸਰ : ਭਾਈ ਚਤਰ ਸਿੰਘ ਜੀਵਨ ਸਿੰਘ, ਮਿਤੀ-ਹੀਨ.

—, *ਤਵਾਰੀਖ਼ ਗੁਰੂ ਖ਼ਾਲਸਾ.* ਪਟਿਆਲਾ : ਭਾਸ਼ਾ ਵਿਭਾਗ, ਭਾਗ ਪਹਿਲਾ, 1970.

—, *ਵਾਰਤਕ ਸੂਰਜ ਪ੍ਰਕਾਸ਼, ਜੀਵਨ ਬ੍ਰਿਤਾਂਤ ਦਸੇ ਪਾਤਸ਼ਾਹੀਆਂ*, ਅੰਮ੍ਰਿਤਸਰ : ਭਾਈ ਬੂਟਾ ਸਿੰਘ ਪ੍ਰਤਾਪ ਸਿੰਘ, ਤੀਜਾ ਸੰਸਕਰਣ, 1946.

ਗੋਇਲ, ਜੈ ਭਗਵਾਨ, *ਭਾਈ ਸੰਤੋਖ ਸਿੰਘ ਰਚਿਤ ਗੁਰ ਪ੍ਰਤਾਪ ਸੂਰਜ* (ਸੰਖਿਪਤ : 52000 ਛੰਦਾਂ ਦਾ ਕਾਵਿ). ਪਟਿਆਲਾ : ਪੰਜਾਬੀ ਯੂਨੀਵਰਸਿਟੀ, 1972.

ਧਿਆਨ ਸਿੰਘ (ਸੰਪਾ), *ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੇ ਮੰਗਲ ਸਟੀਕ.* ਅੰਮ੍ਰਿਤਸਰ : ਵਜੀਰ ਹਿੰਦ ਪ੍ਰੈਸ, 1911.

ਨਰੈਣ ਸਿੰਘ, *ਵਾਰਤਕ ਸ੍ਰੀ ਨਾਨਕ ਪ੍ਰਕਾਸ਼* (ਸੰਪਾ. ਰਣਜੋਧ ਸਿੰਘ). ਤਰਨ ਤਾਰਨ: ਭਾਈ ਰਲਾ ਸਿੰਘ ਐਂਡ ਸਨਜ਼, 1941.